# ਸਾਂਝੀ ਵਿਰਾਸਤ

ਅੰਕ 43 ਜਿਲਦ 4

1-ਸਾਵਣ 557 / 16-ਜੁਲਾਈ 2025



## ਸਾਂਝੀ ਵਿਰਾਸਤ (Shared Heritage)

## ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

## ਵਿਸ਼ਾ ਸੂਚੀ (1-ਸਾਵਣ 557 / 16-ਜੁਲਾਈ 2025 ਅੰਕ)


| | | | |
|---|---|---|---|
| 1 | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2 | ਬਾਰਹ ਮਾਹਾ ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ ਦਾ ਪਾਠ ਅਤੇ ਕਾਵਿਕ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4 | ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ (ਭਾਗ-2) ਵਿਆਕਰਨਿਕ ਵਿਆਖਿਆ | ਡਾ. ਸਰਦਾਰ ਚਮਕੌਰ ਸਿੰਘ ਬਰਾੜ | 8 |
| 5 | ਸ਼ਹਾਦਤਾਂ ਦੇ ਸਫਰ ਦੇ ਗੁੱਝੇ ਭੇਦ (ਭਾਗ-3) | ਸਰਦਾਰਨੀ ਗੁਰਨਾਮ ਕੌਰ | 11 |
| 6 | ਪੇਂਡੂ ਪੰਜਾਬ ਦੇ ਇਤਿਹਾਸ ਦਾ ਵਿਲੱਖਣ ਅਜਾਇਬ ਘਰ : ਭਾਗ-1 (ਸੋਚ ਤੇ ਉਦੇਸ਼) | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਿਜੈ ਸਿੰਘ | 13 |
| 7 | ਸੈਰ ਦਾ ਆਨੰਦ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 16 |
| 8 | Sardar Ajai Banga at G-7 (in Canada) | S. Tarlochan Singh Ex-MP | 19 |
| 9 | Dr Jaswant Singh Sachdev | A Gursikh dedicated to *Sikhi* | 20 |
| 10 | A Letter about Sikh Scientists | Dr Jai Rup Singh, Ex-VC | 22 |
| 11 | We are Proud of them | Sanjhi Virasat | 23 |
| 12 | ਸਾਬਤ ਸੂਰਤਿ ਦਸਤਾਰ ਸਿਰਾ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 24 |
| 13 | ਸੇਵਾ (ਭਾਗ-1) : ਗੁਰੂ ਅਰਜਨ ਸਾਹਿਬ ਜੀ | ਡਾ. ਸਰਦਾਰ ਕਾਲਾ ਸਿੰਘ | 27 |
| 14 | ਗੁਰੁ ਪਰਮੇਸਰੁ ਏਕੋ ਜਾਣੁ | ਸਰਦਾਰਨੀ ਕਿਰਪਾਲ ਕੌਰ | 31 |
| 15 | ਅੰਤਰ-ਰਾਸ਼ਟ੍ਰੀ ਕਵੀ ਦਰਬਾਰ (14 ਜੂਨ) | ਈ-ਦੀਵਾਨ ਸੋਸਾਇਟੀ ਕੈਲਗਰੀ ਵਲੋਂ | 33 |
| 16 | ਕਵੀ ਦਰਬਾਰ ਦੀ ਰਿਪੋਰਟ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 34 |
| 17 | ਕੁਝ ਯਾਦਾਂ 'ਸ਼ੇਰ-ਏ-ਪੰਜਾਬ' ਦੀਆਂ | ਸਰਦਾਰ ਹਰਪ੍ਰੀਤ ਸਿੰਘ ਜਵੰਦਾ | 35 |
| 18 | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 37 |
| 19 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20 | ਐਡੀਟੋਰੀਅਲ ਬੋਰਡ ਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ

### (1-ਸਾਵਣ 557 / 16-ਜੁਲਾਈ 2025 ਅੰਕ)

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਸਾਵਣ ਦਾ ਮਹੀਨਾ 16 ਜੁਲਾਈ ਤੋਂ ਸ਼ੁਰੂ ਹੁੰਦਾ ਹੈ। ਖਾਲਸਾ ਪੰਥ ਲਈ ਨਾਨਕਸ਼ਾਹੀ ਕੈਲੰਡਰ ਵਿਸ਼ੇਸ਼ ਮਹੱਤਾ ਰਖਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸੀਆਂ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ 2 ਜੁਲਾਈ ਨੂੰ ਰੱਖੀ ਗਈ ਸੀ। 5 ਜੁਲਾਈ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰਪੁਰਬ ਹੈ ਅਤੇ 23 ਜੁਲਾਈ ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਗੁਰਪੁਰਬ ਹੈ। ਇਸੇ ਮਹੀਨੇ ਵਿਚ ਭਾਈ ਤਾਰੂ ਸਿੰਘ ਅਤੇ ਸਰਦਾਰ ਊਧਮ ਸਿੰਘ ਦੀਆਂ ਸ਼ਹੀਦੀਆਂ ਹੋਈਆਂ। ਸਿੱਖ ਇਤਿਹਾਸ ਵਿਚ ਸਦਾ ਯਾਦ ਰਖਿੱਆ ਜਾਣ ਵਾਲਾ ਮੋਰਚਾ ਗੁਰੂ ਕਾ ਬਾਗ 24 ਸਾਵਣ ਨੂੰ ਵਾਪਰਿਆ ਸੀ। ਇਸ ਮਹੀਨੇ ਵਿਚ ਕੁਝ ਹੋਰ ਮਹੱਤਵਪੂਰਣ ਇਤਿਹਾਸਕ ਦਿਨ ਇਹ ਹਨ।

ਕੈਨੇਡਾ ਦੇ ਸੰਵਿਧਾਨ ਦਾ ਕਾਨੂੰਨ (ਜੋ 1867 ਵਿਚ ਬਣਿਆ ਸੀ) ਅਤੇ ਕੌਮੀ ਗੀਤ 'ਓ ਕੈਨੇਡਾ' (ਜੋ 1980 ਵਿਚ ਸ਼ੁਰੂ ਹੋਇਆ ਸੀ) ਪਹਿਲੀ ਜੁਲਾਈ ਨੂੰ ਹੋਂਦ ਵਿਚ ਆਏ ਸਨ।

ਅਮਰੀਕਾ ਆਪਣਾ ਆਜ਼ਾਦੀ ਦਿਨ 4 ਜੁਲਾਈ ਨੂੰ ਮਨਾਉਂਦਾ ਹੈ ਜਦੋਂ 1776 ਵਿਚ ਉਹ ਬ੍ਰਿਟੇਨ ਤੋਂ ਮੁਕਤ ਹੋਇਆ ਸੀ। ਜੁਲਾਈ ਦਾ ਤੀਜਾ ਐਤਵਾਰ 'ਮਾਤਾ-ਪਿਤਾ' ਨੂੰ ਸਮਰਪਿਤ ਹੁੰਦਾ ਹੈ ਜਦੋਂ ਉਨ੍ਹਾਂ ਦੀਆਂ ਘਾਲਣਾਵਾਂ ਲਈ ਧੰਨਵਾਦ ਕੀਤਾ ਜਾਂਦਾ ਹੈ।

### ਲੇਖਕਾਂ ਨੂੰ ਬੇਨਤੀ

ਲੇਖਕ ਆਪਣੀਆਂ ਪੰਜਾਬੀ ਦੀਆਂ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ, ਬਹੁਤੇ ਲੰਬੇ ਲੇਖ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਵੀ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਅਤੇ ਸੁਝਾਵਾਂ ਲਈ ਉਨ੍ਹਾਂ ਦਾ ਧੰਨਵਾਦ।

ਪ੍ਰੋਫ਼ੈਸਰ ਡਾ. ਸੁਰਜੀਤ ਸਿੰਘ ਭੱਟੀ,
ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
sanjhivirasat13@gmail.com
surjitsinghbhatti@gmail.com

## ਸਾਵਣ ਮਹੀਨੇ ਦਾ ਪਾਠ ਅਤੇ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1 ੴ ਸਤਿਗੁਰ ਪ੍ਰਸਾਦਿ॥

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥ ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥੯॥1108॥

### ਵਿਆਖਿਆ

ਸਾਵਣ ਦੀ ਵਿਚਾਰ ਕਰਿਦਆਂ ਸਤਿਗੁਰਾਂ ਨੇ ਏਸ ਰੁੱਤ ਦੇ ਪਿਛੋਕੜ ਵਿਚ ਜੀਵ ਰੂਪੀ ਇਸਤ੍ਰੀ ਦੇ ਪ੍ਰਭੂ ਪਤੀ ਦੇ ਵਿਛੋੜੇ ਦੀ ਬੜੀ ਹਿਰਦੇ ਵੇਧਕ ਤਸਵੀਰ ਖਿੱਚੀ ਹੈ। ਸਾਵਣ ਦੀ ਰੁੱਤ ਵਿਚ ਬੱਦਲ ਵਰਸ ਰਹੇ ਹਨ। ਅਜਿਹੇ ਸੁਹਾਵਣੇ ਸਮੇ ਮਨ ਤੇ ਸਰੀਰ ਵਿਚ ਪ੍ਰਭੂ ਪਤੀ ਦੇ ਮਿਲਾਪ ਦੀ ਤਾਂਘ ਉਠਦੀ ਹੈ ਪਰ ਪ੍ਰਭੂ ਪਤੀ ਤਾਂ ਉਸਤੋਂ ਦੂਰ ਗਿਆ ਹੋਇਆ ਹੈ।

ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਪ੍ਰਭੂ ਪਤੀ ਦੇ ਵਿਛੋੜੇ ਵਿਚ ਜੀਵ ਇਸਤ੍ਰੀ ਹਉਕੇ ਭਰਦੀ ਹੈ। ਚਮਕਦੀ ਅਸਮਾਨੀ ਬਿਜਲੀ ਵੀ ਉਸਨੂੰ ਡਰਾਂਦੀ ਹੈ। ਹਿਰਦੇ ਦੀ ਸੇਜ ਤੇ ਪ੍ਰਭੂ ਪਤੀ ਦੇ ਵਿਯੋਗ ਦਾ ਦੁਖ ਮੌਤ ਵਰਗਾ ਵਿਆਪ ਰਿਹਾ ਹੈ। ਨੀਂਦ ਤੇ ਭੁੱਖ ਵੀ ਵਿਸਰ ਗਈ ਹੈ ਤੇ ਸਰੀਰ ਉਤੇ ਪਹਿਨੇ ਕਪੜੇ ਵੀ ਚੰਗੇ ਨਹੀਂ ਲਗਦੇ। ਪ੍ਰਭੂ ਪਤੀ ਦੇ ਸਿਮਰਨ ਦੁਆਰਾ ਹੀ ਜੀਵ ਇਸਤ੍ਰੀ ਨੂੰ ਉਸਦੇ ਮਿਲਾਪ ਵਾਲੀ ਸੁਹਾਗਣ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ। ਸਮੁੱਚਾ ਭਾਵ ਹੈ ਕਿ ਮਨੁੱਖੀ ਜੀਵਨ ਦੇ ਸਮੇ ਵਿਚ ਪ੍ਰਮਾਤਮਾਂ ਤੋਂ ਵਿਛੜੇ ਮਨੁੱਖ ਨੂੰ ਸੁਹਾਵਣਾ ਸਮਾ ਵੀ ਭਿਆਨਕ ਲਗਦਾ ਹੈ ਜਦ ਕਿ ਪ੍ਰਭੂ ਮਿਲਾਪ ਦੀ ਅਵੱਸਥਾ ਸੁਹਾਗਣਾਂ ਵਰਗਾ ਹੁੰਦਾ ਹੈ।



## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

### ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਸਾਵਣ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਜਿਵੇਂ ਸਾਵਣ ਵਿਚ ਸਾਰੀ ਬਨਸਪਤੀ ਹਰੀ ਭਰੀ ਹੋ ਜਾਂਦੀ ਹੈ, ਇਸੇ ਤਰ੍ਹਾਂ ਹੀ ਉਸ ਜੀਵ-ਇਸਤ੍ਰੀ ਦਾ ਹਿਰਦਾ ਵੀ ਖਿੜ ਜਾਂਦਾ ਹੈ, ਜਿਸ ਦਾ ਪ੍ਰਭੂ ਚਰਨਾਂ ਨਾਲ ਪਿਆਰ ਹੈ। ਉਸ ਦਾ ਤਨ ਤੇ ਮਨ ਪ੍ਰੇਮ ਵਿਚ ਰੰਗਿਆ ਜਾਂਦਾ ਹੈ ਅਤੇ ਮਾਇਆ ਦੇ ਸਾਰੇ ਰੰਗ ਉਸ ਨੂੰ ਝੂਠੇ ਅਤੇ ਬੇਕਾਰ ਨਜ਼ਰ ਆਉਂਦੇ ਹਨ । ਉਸ ਨੂੰ ਹਰੀ ਨਾਮ ਦੀਆ ਅਮ੍ਰਿਤ ਬੂੰਦਾਂ ਪਿਆਰੀਆਂ ਲੱਗਦੀਆਂ ਹਨ।

ਪੰਜਵੇਂ ਸਰੂਪ ਵਿੱਚ ਗੁਰੂ ਨਾਨਕ ਜੀ ਫੁਰਮਾਨ ਕਰਦੇ ਹਨ ਕਿ ਮੇਰਾ ਮਨ ਵੀ ਪ੍ਰਭੂ ਨੂੰ ਮਿਲਣ ਲਈ ਤਾਂਘਦਾ ਰਹਿੰਦਾ ਹੈ। ਜਿਨ੍ਹਾਂ ਨੂੰ ਉਸ ਦਾ ਮਿਲਾਪ ਹੋ ਗਿਆ ਹੈ ਮੈਂ ਉਹਨਾਂ ਤੋਂ ਕੁਰਬਾਨ ਹਾਂ। ਹੇ ਪ੍ਰਭੂ ਮੇਰੇ ਉੱਤੇ ਵੀ ਆਪਣੇ ਸ਼ਬਦ ਰਾਹੀਂ ਬਖ਼ਸ਼ਿਸ਼ ਕਰੋ ਜੋ ਕਿ ਇਸ ਜਿੰਦ ਨੂੰ ਸੁਆਰਨ ਜੋਗ ਹੈ। ਸਾਵਣ ਦਾ ਮਹੀਨਾ ਓਹਨਾਂ ਜੀਵ ਇਸਤ੍ਰੀਆਂ ਲਈ ਹੀ ਸੁਹਾਵਣਾ ਹੈ, ਜਿਨ੍ਹਾਂ ਨੇ ਪ੍ਰਭੂ ਦੇ ਪਿਆਰ ਦਾ ਹਾਰ ਆਪਣੇ ਗਲੇ ਵਿੱਚ ਪਾ ਲਿਆ ਹੈ।

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
## ਸਾਵਣ ਦੇ ਮਹੀਨੇ ਦੀ ਕਾਵਿਕ ਵਿਆਖਿਆ

**ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ**



ਸਾਉਣ ਵਿੱਚ ਹੁੰਦੀ ਹਰੀ ਭਰੀ ਜੀਵ ਇਸਤਰੀ ਉਹ। ਪ੍ਰਭੂ ਚਰਨਾਂ ਦੇ ਨਾਲ ਪਇਆ ਜੀਹਨੇ ਪਿਆਰ ਹੈ।

ਮਨ ਤਨ ਜੀਹਦਾ ਉਹਦੇ ਰੰਗ ਵਿੱਚ ਰੰਗਿਆ ਹੈ। ਜੀਹਨੂੰ ਬਸ ਇਕੋ ਸੱਚੇ ਨਾਮ ਦਾ ਹੀ ਆਧਾਰ ਹੈ।

ਮਾਇਆ ਵਾਲੇ ਰੰਗ ਝੂਠੇ ਜਾਪਦੇ ਨੇ ਉਨ੍ਹਾਂ ਤਾਂਈ। ਝੂਠਿਆਂ ਪਦਾਰਥਾਂ ਨੂੰ ਸਮਝਦੇ ਨੇ, ਖ਼ਾਕ ਹੈ।

ਬੂੰਦ ਹਰੀ ਨਾਮ ਵਾਲੀ ਅੰਮ੍ਰਿਤ ਸਮਾਨ ਜਾਪੇ।
ਰੱਬ ਦੇ ਪਿਆਰਿਆਂ ਦੀ ਇਹੋ ਹੀ ਖੁਰਾਕ ਹੈ।

ਖਿੜੀ ਹੈ ਬਨਾਸਪਤੀ ਪ੍ਰਭੂ ਸੰਗ ਸਦਕਾ ਹੀ। ਸਾਰੀਆਂ ਹੀ ਸ਼ਕਤੀਆਂ ਦਾ ਮਾਲਕ ਜੋ ਆਪ ਹੈ।

ਸਾਰਿਆਂ ਦਾ ਮਨ ਉਹਨੂੰ ਮਿਲਣ ਲਈ ਤਰਸਦਾ ਹੈ। ਬਖਸ਼ਿਸ਼ ਦੇ ਨਾਲ ਹੁੰਦਾ ਓਸ ਦਾ ਮਿਲਾਪ ਹੈ।

ਜਿਨ੍ਹਾਂ ਸਖੀਆਂ ਨੇ ਪ੍ਰਭੂ ਪਤੀ ਤਾਂਈਂ ਪਾ ਲਿਆ ਹੈ, ਉਨ੍ਹਾਂ ਤੋਂ ਮੈਂ ਜਾਂਵਾਂ ਬਲਿਹਾਰ ਬਲਿਹਾਰ ਜੀ।

ਨਾਨਕ ਦੇ ਉੱਤੇ ਵੀ ਉਹ ਮਿਹਰ ਪਾਓ ਪ੍ਰਭੂ ਜੀਓ,
ਸ਼ਬਦ ਜੀਵ ਆਤਮਾ ਨੂੰ ਦੇਂਦਾ ਏ ਸਵਾਰ ਜੀ।

ਸਾਉਣ ਮਹੀਨਾ 'ਨੂਰ' ਸ਼ੋਭਦਾ ਸੁਹਾਗਣਾਂ ਨੂੰ,
ਪਾਏ ਜਿਨ੍ਹਾਂ ਗਲੀਂ ਰਾਮ ਨਾਮ ਵਾਲੇ ਹਾਰ ਜੀ।

## ਸਾਵਣ ਮਹੀਨੇ ਦਾ ਪਾਠ ਬਾਰਹ ਮਾਹਾ ਤੁਖਾਰੀ

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥੯॥

### ਕਾਵਿਕ ਵਿਆਖਿਆ

ਸਉਣ ਦਾ ਮਹੀਨਾ ਆਇਆ, ਵਰਖਾ ਦੀ ਰੁੱਤ
ਲੈ ਕੇ, ਅੰਬਰਾਂ ਤੇ ਛਾਈਆਂ ਘਟਾ ਕਾਲੀਆਂ।
ਹਰਾ ਭਰਾ ਹੋ ਜਾ ਤੂੰ ਵੀ ਹੁਣ ਮਨਾ ਮੇਰਿਆ ਵੇ
ਹਰ ਪਾਸੇ ਛਾਈਆਂ ਹਰਿਆਲੀਆਂ।

ਲੱਗਦਾ ਪਿਆਰਾ ਬੜਾ, ਆਪਣਾ ਪਿਆਰਾ ਮੈਨੂੰ,
ਹਰ ਪਾਸੇ ਖੁਸ਼ੀ ਦਾ ਮਾਹੌਲ ਹੈ।
ਕਰਾਂ ਕੀ ਮੈਂ ਗਿਆ ਹੋਇਆ ਕੰਤ ਪਰਦੇਸ
ਮੇਰਾ, ਕਾਲਜੇ ਨੂੰ ਪੈਂਦਾ ਮੇਰੇ ਹੌਲ ਹੈ।

ਜਦੋਂ ਤੀਕ ਘਰ ਨਹੀਂ ਆਉਂਦਾ ਕੰਤ ਪਤੀ ਮੇਰਾ,
ਹੌਕਿਆਂ ਦੇ ਨਾਲ ਪਈ ਹਾਂ ਮਰਦੀ।
ਬਾਰ ਬਾਰ ਬਿਜਲੀ ਆਕਾਸ਼ੀਂ ਜਦੋਂ ਚਮਕਦੀ ਹੈ,
ਜਿੰਦ ਮੇਰੀ ਉਦੋਂ ਬੜੀ ਡਰਦੀ।

ਸੱਖਣੀ ਇਹ ਸੇਜ ਮੈਨੂੰ ਬੜੀ ਦੁਖਦਾਈ ਜਾਪੇ,
ਮਨ ਮੇਰਾ ਡਾਹਢਾ ਪਰੇਸ਼ਾਨ ਹੈ। ਉਹਦੇ ਬਿਨਾਂ
ਜ਼ਿੰਦਗੀ ਨੀ ਮਾਏਂ ਕਾਹਦੀ ਜ਼ਿੰਦਗੀ ਹੈ, ਜ਼ਿੰਦਗੀ
ਵੀ ਮੌਤ ਦੇ ਸਮਾਨ ਹੈ।

ਨੀਂਦ ਅਤੇ ਭੁੱਖ ਕਿੱਥੇ, ਉਸ ਜੀਵ ਇਸਤਰੀ
ਨੂੰ, ਜੀਹਦਾ ਪ੍ਰਭੂ ਪਤੀ ਨਾਲ ਪਿਆਰ ਹੈ।
ਤਨ ਉੱਤੇ ਕੱਪੜੇ ਵੀ ਪਾਉਣੇ ਚੰਗੇ ਲੱਗਦੇ ਨਹੀਂ,
ਨਾ ਹੀ ਉਹਨੂੰ ਸ਼ੋਭਦਾ ਸ਼ਿੰਗਾਰ ਹੈ।

ਨਾਨਕ ! ਉਹ ਬੜੀ ਭਾਗਾਂ ਵਾਲੀ ਜੀਵ ਇਸਤਰੀ
ਹੈ, ਪ੍ਰਭੂ ਦਾ ਪਿਆਰ ਜਿਹਨੇ ਪਾ ਲਿਆ।
'ਨੂਰ' ਉਹਦੀ ਯਾਦ ਵਿੱਚ ਲੀਨ ਸਦਾ ਰਹੇ
ਜਿਹੜੀ, ਜਿਹਨੂੰ ਉਹਨੇ ਅੰਗ ਨਾਲ ਲਾ ਲਿਆ।

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ 'ਨੂਰ'
ਜਲੰਧਰ

## ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥

ਰਾਗੁ ਆਸਾ – ਮਹਲਾ ਮਃ 1 – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਮ : 1 ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥2॥

ਅੱਖਰੀ ਅਰਥ, ਭਾਵ ਅਰਥ ਅਤੇ ਵਿਆਕਰਣਿਕ ਰੂਪ (ਭਾਗ-2)

ਵਿਆਖਿਆਕਾਰ
ਡਾ. ਸਰਦਾਰ ਚਮਕੌਰ ਸਿੰਘ ਬਰਾੜ, ਸੈਨ ਡਾਈਗੋ (ਕੈਲੀਫੋਰਨੀਆ)



ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥

ਅਰਥ: ਹੇ ਭਾਈ! ਇਸਤ੍ਰੀ ਤੋਂ ਹੀ ਜਨਮ ਲਇਆ ਹੈ, ਉਸ ਦੇ ਪੇਟ ਵਿਚ ਪਾਲਿਆ ਗਿਆ ਹੈ। ਇਸਤ੍ਰੀ ਨਾਲ ਹੀ ਕੁੜਮਾਈ ਹੁੰਦੀ ਹੈ, ਇਸਤ੍ਰੀ ਨਾਲ ਹੀ ਵਿਆਹ ਹੁੰਦਾ ਹੈ।

ਭਾਵ: ਇਸਤ੍ਰੀ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ। ਇਹ ਵਰਤਾਰਾ ਮੂਰਖਾਂ ਦਾ ਹੈ।

ਵਿਆਕਰਣਿਕ ਰੂਪ: ਭੰਡਿ-ਇਸਤ੍ਰੀ ਤੋਂ (ਅਪਾਦਾਨ ਕਾਰਕ, ਇਕਵਚਨ), ਜੰਮੀਐ ਅਤੇ ਨਿੰਮੀਐ – ਪਾਲਿਆ ਗਿਆ (ਸੰਭਾਵ ਭਵਿੱਖਤ ਕਾਲ ਦੀ ਕਰਮਣੀ ਵਾਚ ਦੀ ਕਿਰਿਆ), ਮੰਗਣੁ-ਕੁੜਮਾਈ (ਭਾਵ ਵਾਚਕ ਕ੍ਰਿਦੰਤ ਨਾਂਵ ਕਰਮ ਕਾਰਕ), ਵਿਆਹੁ- (ਕਰਮ ਕਾਰਕ)।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਅਰਥ: ਇਸਤ੍ਰੀ ਨਾਲ ਹੀ ਦੋਸਤੀ ਹੁੰਦੀ ਹੈ। ਇਸਤ੍ਰੀ ਨਾਲ ਪੀੜ੍ਹੀ ਚਲਦੀ ਹੈ।

ਵਿਆਕਰਣਿਕ ਰੂਪ: ਭੰਡਹੁ-ਇਸਤ੍ਰੀ ਨਾਲ (ਕਰਣ ਕਾਰਕ), ਹੋਵੈ-(ਕਿਰਿਆ), ਦੋਸਤੀ-(ਕਰਮਕਾਰਕ), ਰਾਹੁ-ਰੀਤ (ਕਰਤਾ ਕਾਰਕ)।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਅਰਥ: ਇਸਤ੍ਰੀ ਮਰਨ ਨਾਲ ਹੋਰ ਇਸਤ੍ਰੀ ਹੀ ਭਾਲੀ ਜਾਵੇ ਤਾਂ ਇਸਤ੍ਰੀ ਨਾਲ ਹੀ ਸੰਬੰਧ ਬਣਦਾ ਹੈ।

ਭਾਵ: ਫਿਰ ਉਸ ਨੂੰ ਮਾੜਾ ਕਿਉਂ ਕਿਹਾ ਜਾਵੇ।

ਵਿਆਕਰਣਿਕ ਰੂਪ: ਭੰਡੁ-ਇਸਤ੍ਰੀ (ਕਰਤਾ ਕਾਰਕ), ਭੰਡਿ-ਇਸਤ੍ਰੀ ਨਾਲ (ਕਰਨ ਕਾਰਕ), ਹੋਵੈ-(ਵਰਤਮਾਨ ਕਾਲ ਦੀ ਕਿਰਿਆ), ਮੁਆ-ਮਰਨ ਨਾਲ (ਕ੍ਰਿਆਫਲ ਕ੍ਰਿਦੰਤ, ਕਰਣ ਕਾਰਕ, ਇਕਵਚਨ), ਭਾਲੀਐ-ਲੱਭਿਆ ਜਾਵੇ, ਭਾਲੀ ਜਾਵੇ (ਸੰਭਾਵ ਭਵਿਖਤ ਕਾਲ ਦੀ ਕਰਮਣੀ ਵਾਚ ਇਕਵਚਨ ਦੀ ਕਿਰਿਆ, ਬੋਧ ਕਾਰਨ ਕਰਕੇ), ਬੰਧਾਨੁ-ਬੰਧਨ ਜਾਂ ਜੋੜ, ਰਿਸ਼ਤਾ (ਕਰਮ ਕਾਰਕ, ਇਕਵਚਨ)।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਅਰਥ: ਇੰਨ੍ਹੇ ਗੁਣ ਹੋਣ ਦੇ ਬਾਵਜੂਦ ਵੀ ਇਸਤ੍ਰੀ ਨੂੰ ਕਿਉਂ ਮੰਦਾ ਆਖਿਆ ਜਾਵੇ।

ਭਾਵ: ਸਾਰੇ ਰਾਜੇ ਵੀ ਇਸਤ੍ਰੀ ਤੋਂ ਹੀ ਜਨਮ ਲੈਂਦੇ ਹਨ।

ਵਿਆਕਰਣਿਕ ਰੂਪ: ਸੋ-ਉਸ ਨੂੰ (ਅਨੁਸੰਬੰਧ ਵਾਚਕ, ਇਕਵਚਨ, ਕਰਮ ਕਾਰਕ), ਮੰਦਾ-(ਗੁਣ ਵਾਚਕ ਵਿਸ਼ੇਸ਼ਣ), ਆਖੀਐ-(ਸੰਭਾਵੀ ਭਵਿੱਖਤ ਕਾਲ ਦੀ ਕਰਮਣੀ ਵਾਚ ਇਕਵਚਨ ਦੀ ਕਿਰਿਆ), ਜਿਤੁ-ਜਿਸ ਤੋਂ (ਸੰਬੰਧ ਵਾਚਕ ਪੜਨਾਂਵ, ਅਪਾਦਾਨ ਕਾਰਕ), ਜੰਮਹਿ-(ਵਰਤਮਾਨ ਕਾਲ, ਬਹੁਵਚਨ ਦੀ ਕਿਰਿਆ) ਰਾਜਾਨ-ਰਾਜੇ (ਕਰਤਾ ਕਾਰਕ, ਬਹੁਵਚਨ)।

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥

ਅਰਥ: ਇਸਤ੍ਰੀ ਤੋਂ ਹੀ ਇਸਤ੍ਰੀ ਜਨਮ ਲੈਂਦੀ ਹੈ। ਇਸਤ੍ਰੀ ਤੋਂ ਬਿਨਾਂ ਕੁਝ ਨਹੀਂ ਪੈਦਾ ਹੁੰਦਾ।

ਵਿਆਕਰਣਿਕ ਰੂਪ: ਭੰਡਹੁ-ਇਸਤ੍ਰੀ ਤੋਂ ਹੀ (ਅਪਾਦਾਨ ਕਾਰਕ, ਇਕਵਚਨ), ਭੰਡੁ-ਇਸਤ੍ਰੀ (ਕਰਤਾ ਕਾਰਕ, ਇਕਵਚਨ) ਊਪਜੈ-ਪੈਦਾ ਹੁੰਦਾ ਹੈ (ਵਰਤਮਾਨ ਕਾਲ, ਇਕਵਚਨ ਦੀ ਕਿਰਿਆ), ਭੰਡੈ-ਇਸਤਰੀ ਦੇ (ਸੰਬੰਧ ਕਾਰਕ, ਇਕਵਚਨ), ਬਾਝੁ= ਬਿਨਾਂ (ਸੰਬੰਧਕ) ਕੋਇ-ਕੋਈ (ਅਨਿਸ਼ਚਿਤ ਅਨਿਪੁਰਖ, ਪੜਨਾਂਵ, ਕਰਤਾ ਕਾਰਕ, ਇਕਵਚਨ)।

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

ਅਰਥ: ਇਕ ਪ੍ਰਭੂ ਹੀ ਹੈ ਜੋ ਇਸਤ੍ਰੀ ਤੋਂ ਬਾਹਰ ਹੈ।

ਭਾਵ: ਇਕ ਸਿਰਫ ਪ੍ਰਭੂ ਹੀ ਹੈ ਜਿਹੜਾ ਇਸਤ੍ਰੀ ਤੋਂ ਪੈਦਾ ਨਹੀਂ ਹੋਇਆ ਹੈ। ਦੁਨੀਆ ਦਾ ਹੋਰ ਕੋਈ ਜੀਵ ਨਹੀਂ ਜਿਹੜਾ ਮਾਦਾ ਤੋਂ ਪੈਦਾ ਨਾ ਹੋਇਆ ਹੋਵੇ।

ਵਿਆਕਰਣਿਕ ਰੂਪ: - ਭੰਡੈ-ਭੰਡ ਦੇ (ਸੰਬੰਧ ਕਾਰਕ, ਇਕਵਚਨ), ਬਾਹਰਾ-ਬਾਹਰ ਜਾਂ ਬਿਨਾਂ (ਸੰਬੰਧਕ), ਏਕੋ-ਇਕ ਹੀ (ਨਿਸ਼ਚਿਤ ਸੰਖਿਅਕ ਵਿਸ਼ੇਸ਼ਣ), ਸਚਾ-ਪ੍ਰਭੂ (ਗੁਣ ਵਾਚਕ ਵਿਸ਼ੇਸ਼ਣ ਸੱਚ ਨੂੰ ਨਾਂਵ ਬਣਾ ਕੇ ਵਰਤਿਆ ਹੈ) ਸੋਇ-ਉਹ ਪ੍ਰਭੂ (ਅਨੁਸੰਬੰਧ ਵਾਚਕ ਪੜਨਾਂਵ, ਕਰਤਾ ਕਾਰਕ, ਇਕਵਚਨ)।

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥

ਅਰਥ:- ਜਿਸ ਮਨੁੱਖ ਦੇ ਮੁੱਖ ਨਾਲ ਹਮੇਸ਼ਾਂ ਉਸ ਨੂੰ ਸਲਾਹਿਆ ਜਾਵੇ ਉਹ ਭਾਗਾਂ ਵਾਲਾ ਚੰਗੇ ਚਾਲ ਚਲਣ ਵਾਲੀ ਜਿੰਦ ਹੈ।

ਵਿਆਕਰਣਿਕ ਰੂਪ: ਜਿਤੁ-ਜਿਸ (ਮੂਲਕ ਪੜਨਾਂਵੀ ਵਿਸ਼ੇਸ਼ਣ), ਮੁਖਿ- (ਕਰਮ ਕਾਰਕ, ਇਕਵਚਨ), ਸਦਾ-(ਕਾਲ ਵਾਚੀ ਕਿਰਿਆ ਵਿਸ਼ੇਸ਼ਣ), ਸਾਲਾਹੀਐ-ਸਲਾਹਿਆ ਜਾਵੇ (ਸੰਭਾਵੀ ਭਵਿੱਖਤ ਕਾਲ ਦੀ ਕਰਮਣੀ ਵਾਚ ਕਿਰਿਆ), ਭਾਗਾ-ਭਾਗਾਂ ਵਾਲੀ (ਗੁਣ ਵਾਚਕ ਵਿਸ਼ੇਸ਼ਣ), ਰੱਤੀ-ਰੰਗੀ ਜਿੰਦ, ਕਿਸਮਤ ਵਾਲੀ (ਕਰਤਾ ਕਾਰਕ, ਬਹੁਵਚਨ), ਚਾਰਿ—ਚੰਗੇ ਆਚਰਨ ਵਾਲੀ -(ਗੁਣ ਵਾਚਕ ਵਿਸ਼ੇਸ਼ਣ)।

ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥ ਪੰਨਾ ੪੭੩ ।

ਅਰਥ : ਨਾਨਕ ਜੀ ਕਹਿੰਦੇ ਹਨ ਕਿ ਉਹ ਹੀ ਸੱਚੇ ਦੇ ਦਰਬਾਰ (ਲੋਕ ਕਚਹਿਰੀ) ਵਿਚ ਪਵਿੱਤਰੇ ਹਨ।

ਭਾਵ: ਜਿਹੜੇ ਮੁੱਖ ਨਾਲ ਹਮੇਸ਼ਾ ਇਸਤ੍ਰੀ ਦੀ ਸਲਾਹੁਤਾ ਕਰਦੇ ਹਨ ਉਹ ਭਾਗਾਂ ਵਾਲੇ ਚੰਗੇ ਮਨੁੱਖ ਹਨ। ॥2॥

ਵਿਆਕਰਣਿਕ ਰੂਪ: ਤੇ- ਉਹਨਾਂ ਦੇ (ਅਨੁਸੰਬੰਧ ਪੜਨਾਂਵ, ਸੰਬੰਧ ਕਾਰਕ), ਮੁਖ- (ਕਰਤਾ ਕਾਰਕ), ਊਜਲੇ- (ਗੁਣ ਵਾਚਕ ਵਿਸ਼ੇਸ਼ਣ), ਤਿਤੁ-ਉਸ (ਮੂਲਕ ਪੜਨਾਂਵੀ ਵਿਸ਼ੇਸ਼ਣ), ਸਚੈ-(ਸੰਬੰਧ ਕਾਰਕ), ਦਰਬਾਰਿ-ਵਿਚ (ਅਧਿਕਰਣ ਕਾਰਕ, ਇਕਵਚਨ ॥ 2॥

ਬਾਬੇ ਨੇ ਓਸ ਵੇਲੇ ਦੇ ਦੁਨਿਆਵੀ ਵਰਤਾਰੇ ਤੇ ਸੱਟ ਮਾਰੀ ਹੈ। ਜੋ ਲੋਕ ਇਸਤ੍ਰੀ ਨੂੰ ਮਾੜਾ ਕਹਿੰਦੇ ਸੀ ਉਹਨਾਂ ਨੂੰ ਨਸੀਅਤ ਦਿੱਤੀ ਹੈ। ਕਹਿਆ ਹੈ ਕਿ ਇਸਤ੍ਰੀ ਨੂੰ ਨਿੰਦਣਾ ਨਹੀਂ ਚਾਹੀਦਾ। ਇਸਤ੍ਰੀ ਨਾਲ ਹੀ ਸਾਰੀ ਦੁਨੀਆਦਾਰੀ ਚਲਦੀ ਹੈ। ਇਹ ਸਾਡੇ ਸਮਾਜ ਦਾ ਬਹੁਤ ਵੱਡਾ ਹਿੱਸਾ ਹੈ। ਸਾਰੇ ਹੀ ਇਸ ਦੀ ਛਤਰ ਛਾਇਆ ਹੇਠ ਪਲਦੇ ਹਨ। ਸਿਰਫ ਇਕ ਪ੍ਰਭੂ ਹੀ ਹੈ ਜੋ ਇਸ ਤੋਂ ਪੈਦਾ ਨਹੀਂ ਹੁੰਦਾ ਹੈ। ਜਿਹੜੇ ਮਨੁੱਖ ਆਪਣੇ ਮੁੱਖ ਨਾਲ ਹਮੇਸ਼ਾ ਇਸਤ੍ਰੀ ਦੀ ਸਲਾਹੁਤਾ ਕਰਦੇ ਹਨ ਉਹ ਭਾਗਾਂ ਵਾਲਾ ਚੰਗੇ ਚਾਲ ਚਲਣ ਵਾਲੇ ਮਨੁੱਖ ਹਨ। ਉਹ ਹੀ ਉਸ ਪ੍ਰਭੂ ਦੀ ਲੋਕ ਕਚਹਿਰੀ ਵਿਚ ਪਵਿੱਤਰ ਕਿਰਦਾਰ ਵਾਲੇ ਮਨੁੱਖ ਹਨ।ਪਰ ਜਿਹੜੇ ਇਸ ਦੀ ਨਿੰਦਿਆ ਕਰਦੇ ਹਨ, ਉਹ ਮੂਰਖ ਹਨ। ਉਹਨਾ ਨਾਲ ਵਰਤਾਓ ਨਹੀਂ ਕਰਨਾ ਚਾਹੀਦਾ।

ਪਉੜੀ ॥

ਨੋਟ - ਪਹਿਲੇ ਸ਼ਬਦ ਦੀ ਲਾਈਨ ਹੈ "ਸੋ ਕਿਉ ਮੰਦਾ ਆਖੀਐ ਜਿਸੁ ਜੰਮਹਿ ਰਾਜਾਨ" ਅਤੇ ਪਉੜੀ ਦੀ ਲਾਈਨ "ਮੰਦਾ ਕਿਸੈ ਨ ਆਖੀਐ"। ਸੋ ਦੋਵਾਂ ਨੂੰ ਰਲਾ ਕੇ ਪਉੜੀ ਦੀ ਅਖੀਰਲੀ ਲਾਈਨ "ਮੂਰਖਿ ਨਾਲਿ ਨ ਲੁਝੀਐ' ਦੇ ਅਰਥ ਕਰਨੇ ਚਾਹੀਦੇ ਹਨ। ਕਿਸੇ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ। ਮੰਦਾ ਬੋਲਣ ਵਾਲੇ ਮੂਰਖ ਨਾਲ ਵਰਤਾਓ ਨਹੀਂ ਕਰਨਾ ਚਾਹੀਦਾ।

ਨੋਟ: ਲੜੀ ਜੋੜਨ ਲ਼ਈ ਇਸ ਲੇਖ ਦਾ ਭਾਗ-3 ਸਾਂਝੀ ਵਿਰਾਸਤ ਦੇ ਅਗਲੇ ਅੰਕ ਵਿਚ ਪੜ੍ਹੋ ਜੀ।

## ਸ਼ਹਾਦਤਾਂ ਦੇ ਸਫ਼ਰ ਦੇ ਗੁੱਝੇ ਭੇਦ : (ਭਾਗ – 3)

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)

12. ਅੱਲ੍ਹਾ ਯਾਰ ਖਾਂ ਜੋਗੀ ਲਿਖਦੇ ਹਨ ਕਿ ਦੁਨੀਆਂ ਦਾ ਕੋਈ ਵੀ ਪੈਗੰਬਰ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਨਹੀਂ ਖੜ੍ਹਦਾ। ਕ੍ਰਿਸ਼ਨ ਜੀ ਬਾਰੇ ਕਹਿੰਦੇ ਹਨ ਕਿ ਬਗਾਨੇ ਪੁੱਤ ਮਰਵਾ ਦਿੱਤੇ।

'ਕਟਵਾ ਦੀਏ ਸ਼ਿਸ਼ ਸ਼ਾਮ ਨੇ ਗੀਤਾ ਕੋ ਸੁਨਾ ਕਰ। ਰੂਹ ਫੂਕ ਦੀ ਗੋਬਿੰਦ ਨੇ ਔਲਾਦ ਕੋ ਕਟਾ ਕਰ'।

ਇਸੇ ਤਰ੍ਹਾਂ ਰਾਜਾ ਦਸ਼ਰਥ ਨੇ ਪੁੱਤਰ ਰਾਮ ਜੀ ਦਾ ਬਨਵਾਸ ਸੁਣ ਕੇ ਹੀ ਪ੍ਰਾਣ ਤਿਆਗ ਦਿੱਤੇ। ਜਦੋਂ ਕਿ ਪਤਾ ਸੀ ਕਿ ਚੌਦਾਂ ਸਾਲਾਂ ਬਾਅਦ ਵਾਪਸ ਆ ਹੀ ਜਾਣਾ ਹੈ ਅਤੇ ਦੋ ਪੁੱਤਰ ਹਰ ਸਮੇਂ ਕੋਲ ਸਨ। ਹਜ਼ਰਤ ਇਬਰਾਹੀਮ ਨੂੰ ਜਦੋਂ ਪੁੱਤਰ ਦੀ ਕੁਰਬਾਨੀ ਦੇਣੀ ਪਈ ਤਾਂ ਅੱਖਾਂ ਤੇ ਪੱਟੀ ਬੰਨ੍ਹ ਲਈ ਕਿ ਮੈਂ ਵੇਖ ਨਹੀਂ ਸਕਦਾ।

ਨਬੀ ਹਜ਼ਰਤ ਮੁਹੰਮਦ ਸਾਹਿਬ ਮੈਦਾਨਿ-ਜੰਗ ਵਿੱਚ ਘੋੜੇ ਤੋਂ ਡਿੱਗ ਪਏ ਸਨ। ਉਸ ਸਮੇਂ ਦੁਸ਼ਮਣ ਦੰਦਾਂ ਤੇ ਪੱਥਰ ਮਾਰ ਕੇ ਚੈੱਕ ਕਰਦਾ ਸੀ ਕਿ ਮਇਆ ਕਿ ਜਿੰਦਾ ਹੈ। ਮੁਹੰਮਦ ਸਾਹਿਬ ਨੇ ਦੰਦ ਤੁੜਵਾ ਲਏ ਪਰ ਕੁਸਕੇ ਨਹੀਂ। ਵਾਰਿਸ ਸ਼ਾਹ ਅਪਣੀ ਹੀਰ ਵਿੱਚ ਲਿਖਦੇ ਹਨ:

'ਵਾਰਿਸ ਸ਼ਾਹ ਨਬੀ ਦਾ ਦੰਦ ਸ਼ਹੀਦ ਹੋਇਆ,
ਤਕਦੀਰ ਨਾ ਕਿਸੇ ਤੋਂ ਹਟਦੀ ਏ' ।



13.ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਸਿੱਖਾਂ ਦੀ ਪ੍ਰੀਖਿਆ ਸੰਪੂਰਨ ਹੋਈ। ਗੁਰੂ ਤੇ ਪੂਰਨ ਭਰੋਸਾ। ਸਭ ਕੁਝ ਗੁਰੂ ਤੇ ਨਿਛਾਵਰ।

"ਕਬੀਰ ਮੇਰਾ ਮੁਝ ਮਹਿ ਕਿਛੁ ਨਾਹੀ ਜੋ ਕਿਛੁ ਹੈ ਸੋ ਤੇਰਾ॥" 642.

ਫਿਰ ਗੁਰੂ ਵੀ ਸਿੱਖ ਨੂੰ ਆਪਣਾ ਹੀ ਰੂਪ ਬਣਾ ਲੈਂਦਾ ਹੈ। ਗੁਰੂ ਸਾਹਿਬ ਨੇ ਆਪਣਾ ਜੋੜਾ, ਕਲਗੀ ਅਤੇ ਬਾਣਾ ਸੰਗਤ ਸਿੰਘ ਨੂੰ ਭੇਟ ਕਰਕੇ ਗੁਰੂ ਅਤੇ ਚੇਲੇ ਵਿਚਲਾ ਫਾਸਲਾ ਮਿਟਾ ਦਿੱਤਾ।

"ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥"

ਸ਼ਹੀਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਸਰੀਰ ਤੇ 392 ਫੱਟ ਸਨ। ਸੰਸਾਰ ਦੇ ਕਿਸੇ ਵੀ ਯੋਧੇ ਦੇ ਸਰੀਰ ਤੇ ਐਨੇ ਫੱਟ ਨਹੀਂ ਸਨ। ਉਸ ਦੀ ਬਹਾਦਰੀ ਦੇਖ ਕੇ ਗੁਰੂ ਸਾਹਿਬ ਜੀ ਕਹਿੰਦੇ ਹਨ:

"ਸ਼ਾਬਾਸ਼ ਪਿਸ਼ਰ ਕਯਾ ਖ਼ੂਬ ਦਲੇਰੀ ਸੇ ਲੜੇ ਹੋ॥ ਹਾਂ ਕਿਉਂ ਨਾ ਹੋ ਗੋਬਿੰਦ ਕੇ ਫਰਜ਼ੰਦ ਬੜੇ ਹੋ" ॥

ਇਥੇ ਹੀ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦਾ ਗੜ੍ਹੀ ਛੱਡਣ ਦਾ ਹੁਕਮ ਮੰਨ ਕੇ ਪੰਥ ਦੀ ਸਰਬ ਉੱਚਤਾ ਤੇ ਮੋਹਰ ਲਾ ਦਿੱਤੀ। ਦਸ ਲੱਖ ਦੇ ਘੇਰੇ ਵਿਚੋਂ ਤਾੜੀ ਮਾਰ ਕੇ ਅਤੇ ਜੈਕਾਰੇ ਗੂੰਜਾਂ ਸਿੰਘਾਂ ਸਮੇਤ ਸਾਬਤ ਸੂਰਤ ਨਿਕਲ ਜਾਣਾ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੈ।

14.ਇਥੇ ਆ ਕੇ ਹਾਥੀ, ਘੋੜੇ, ਜੋੜਾ, ਕਲਗ਼ੀ ਇਥੋਂ ਤੱਕ ਕਿ ਬਾਜ਼ ਵੀ ਦਿਖਾਈ ਨਹੀਂ ਦਿੰਦਾ।

"ਨਾ ਸਾਜੋ ਨਾ ਬਾਜੋਂ ਨਾ ਫੌਜੋ ਨਾ ਫਰਸ਼॥
ਖ਼ੁਦਾਵੰਦ ਬਖਸਿੰਦ ਏ ਐਸ਼ ਅਰਸ਼॥"

ਦੁਨੀਆਵੀ ਤੌਰ ਤੇ ਸਭ ਕੁਝ ਗਵਾ ਕੇ ਵੀ ਸ਼ੁਕਰਾਨਾ ਕਰਨ ਦੀ ਜਾਚ ਸਿਖਾਈ।

"ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ" ।

ਗੁਰੂ ਨਾਨਕ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਿਆ। ਇਹ ਇਕ ਜ਼ਬਾਨੀ ਜ਼ਫ਼ਰਨਾਮਾ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਕ਼ਲਮ ਦੀ ਕਰਾਮਾਤ ਹੀ ਸੀ ਕਿ ਜ਼ਫ਼ਰਨਾਮਾ ਪੜ੍ਹ ਕੇ ਔਰੰਗਜ਼ੇਬ ਸੌਂ ਨਹੀਂ ਸਕਿਆ ਅਤੇ ਪਾਗਲ ਹੋ ਗਿਆ। ਸ਼ਾਹੀ ਮਹੱਲ ਛੱਡ ਇੱਕ ਝੁੱਗੀ ਵਿੱਚ ਰਹਿਣ ਲੱਗਾ ਅਤੇ ਉਥੇ ਹੀ ਮਰਿਆ।

ਮੌਜੂਦਾ ਸਮੇਂ ਵਿੱਚ ਜਸਵੰਤ ਸਿੰਘ ਖਾਲੜਾ ਦੀ ਕ਼ਲਮ ਨੇ ਲਾਵਾਰਸਾਂ ਦੀ ਲਿਸਟ ਹੀ ਤਿਆਰ ਕੀਤੀ ਸੀ। ਕੋਈ ਹਥਿਆਰ ਨਹੀਂ ਚੁੱਕਿਆ, ਪਰ ਹਕੂਮਤ ਨੂੰ ਵਖ਼ਤ ਪੈ ਗਿਆ। ਉਸ ਨੇ ਹਕੂਮਤ ਦੇ ਜ਼ੁਲਮ ਨੂੰ ਬੇਨਕਾਬ ਕਰ ਦਿੱਤਾ। ਉਹ ਵੀ ਇੱਕ ਲਾਵਾਰਸ ਲਾਸ਼ ਹੀ ਬਣ ਗਿਆ।

15 ਗੁਰੂ ਨੂੰ ਬੇਦਾਵਾ ਲਿਖਣਾ ਮਨ ਦਾ ਬਦਲਾਅ ਹੈ ਜਿਸ ਦਾ ਕੋਈ ਥਾਹ ਨਹੀਂ ਪਾ ਸਕਿਆ। ਕਦੇ ਕਦੇ ਮਨ ਅਪਣੇ ਆਪ ਨੂੰ ਸਿਆਣਾ ਸਮਝ ਕੇ ਗੁਰੂ ਤੋਂ ਮੁਨਕਰ ਹੋ ਜਾਂਦਾ ਹੈ। ਅਜਿਹੇ ਕੁਝ ਸਿੱਖ ਲਿਖ ਕੇ ਦੇ ਆਏ ਕਿ ਅਸੀਂ ਤੁਹਾਡੇ ਸਿੱਖ ਨਹੀਂ ਤੇ ਤੁਸੀਂ ਸਾਡੇ ਗੁਰੂ ਨਹੀਂ।

"ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥"

ਜਿਸਨੇ ਇੱਕ ਵਾਰੀ ਗੁਰੂ ਦੇ ਸਾਥ ਦਾ ਨਿੱਘ ਮਾਣਿਆ ਹੋਵੇ ਉਸ ਲਈ ਵਿਛੋੜੇ ਦੀ ਪੀੜ ਅਸਹਿ ਹੋ ਗਈ। ਪਿਆਰ ਦਾ ਅਹਿਸਾਸ ਹੀ ਵਿਛੋੜੇ ਵਿੱਚ ਹੁੰਦਾ ਹੈ। ਪਛਤਾਵਾ ਹੋਇਆ ਅਤੇ ਸ਼ਰਮਿੰਦਗੀ ਨੇ ਆ ਘੇਰਿਆ। ਉਤੋਂ ਬੀਬੀ ਭਾਗ ਕੌਰ ਜੀ ਦਾ ਮਿਹਣਾ। ਭੁੱਲ ਬਖਸ਼ਾਉਣ ਲਈ ਬਖਸਿੰਦ ਦਿਆਲੂ ਗੁਰੂ ਵੱਲ ਤੁਰ ਪਏ।

ਅਉਗਣ ਕੋ ਨਾ ਚਿਤਾਰਦਾ ਗਲ ਸੇਤੀ ਲਾਇਕ॥

ਸਿਆਹੀ ਨਾਲ ਲਿਖਿਆ ਇਹ ਬੇਦਾਵਾ, ਜੰਗ ਵਿੱਚ ਆਪਣੀ ਰੱਤ ਡੋਲ ਕੇ ਪੜਵਾਇਆ, ਗੁਰੂ ਦੀ ਗੋਦ ਪ੍ਰਾਪਤ ਕੀਤੀ ਅਤੇ 'ਮੁਕਤੇ' ਅਖਵਾਏ।

## ਪੇਂਡੂ ਪੰਜਾਬ ਦੇ ਇਤਿਹਾਸ ਦਾ ਵਿਲੱਖਣ ਅਜਾਇਬ ਘਰ

## ਭਾਗ 1 – ਸੋਚ ਤੇ ਉਦੇਸ਼

**ਡਾ. ਸਰਦਾਰ ਕਾਬਲ ਸਿੰਘ (ਐਡਮਿੰਟਨ), ਡਾ. ਸਰਦਾਰ ਬਿਜੈ ਸਿੰਘ (ਵਿੰਨੀਪੈਗ)**



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.) ਦੇ ਵਾਈਸ-ਚਾਂਸਲਰ, ਡਾ. ਮਹਿੰਦਰ ਸਿੰਘ ਰੰਧਾਵਾ, 1970 ਦੀਆਂ ਗਰਮੀਆਂ ਵਿਚ ਸੈਰ ਕਰ ਰਹੇ ਸਨ ਜਦੋਂ ਉਹਨਾਂ ਨੂੰ ਹੋਮ ਸਾਇੰਸ ਕਾਲਜ ਦੀਆਂ ਕੁਝ ਵਿਦਿਆਰਥਣਾਂ ਠੰਡਾ (ਕੋਕਾ ਕੋਲਾ) ਪੀਂਦੀਆਂ ਆਈਆਂ। ਉਨ੍ਹਾਂ ਨੇ ਪੁੱਛਿਆ ਕਿ ਤੁਸੀਂ ਲੱਸੀ ਵੀ ਪੀਂਦੀਆਂ ਹੋ ਤਾਂ ਕੁੜੀਆਂ ਨੇ ਜਵਾਬ ਦਿੱਤਾ, "ਕਈ ਵਾਰ, ਘਰ ਵਿੱਚ"। ਜਦੋਂ ਪੁੱਛਿਆ, “ਕਦੀ ਕੜੇ ਵਾਲੇ ਪਿੱਤਲ ਦੇ ਗਲਾਸ ਵਿਚ ਪੀਤੀ ਹੈ?” ਤਾਂ ਉਹ ਉਨ੍ਹਾਂ ਵੱਲ ਖਾਲੀ ਨਜ਼ਰਾਂ ਨਾਲ ਦੇਖ ਰਹੀਆਂ ਸਨ।ਉਨ੍ਹਾਂ ਦੇ ਮਨ ਵਿੱਚ ਸੋਚ ਆਈ ਕਿ ਕਿਵੇਂ ਪੇਂਡੂ ਰਹਿਣ ਸਹਿਣ, ਕਾਰੀਗਰੀ ਅਤੇ ਖੇਤੀ ਦੇ ਤਰੀਕਿਆਂ ਵਿਚ ਚਾਰੇ ਪਾਸੇ ਤਬਦੀਲੀ ਆ ਰਹੀ ਹੈ। ਲੱਕੜ ਦੇ ਪਹੀਏ ਤੇ ਪਾਣੀ ਕਢਣ ਲਈ ਚਰਸ ਨੂੰ ਬਿਜਲੀ ਦੀਆਂ ਮੋਟਰਾਂ ਅਤੇ ਡੀਜਲ ਇੰਜਨਾਂ ਨਾਲ ਬਦਲ ਦਿੱਤਾ ਗਿਆ ਹੈ। ਬਲਦਾਂ ਨਾਲ ਚੱਲਦੇ ਟਿੰਢਾਂ ਵਾਲੇ ਖੂਹ ਤੇ ਨਹਿਰਾਂ ਤੇ ਖਰਾਸ ਹੁਣ ਇੱਕ ਦੁਰਲੱਭ ਦ੍ਰਿਸ਼ ਹਨ।

ਪਿੱਤਲ ਦੇ ਭਾਂਡੇ (ਛੰਨਾ, ਥਾਲੀ ਆਦਿ) ਹੁਣ ਘੱਟ ਹੀ ਦਿੱਸਦੇ ਹਨ। ਪੰਜਾਬ ਦੀ ਕੋਈ ਵੀ ਇਸਤਰੀ ਹੁਣ ਫੁਲਕਾਰੀਆਂ ਦੀ ਕਢਾਈ ਨਹੀਂ ਕਰਦੀ। ਹਵੇਲੀਆਂ ਦੀ ਪੁਰਾਣੀ ਕਾਰੀਗਰੀ (ਆਰਕੀਟੈਕਚਰ) ਅਲੋਪ ਹੋ ਰਹੀ ਹੈ। ਕੁਝ ਹੋਰ ਵਿਰਾਸਤਾਂ ਜਿਵੇਂ, ਬਲਦਾਂ ਨਾਲ ਵਾਹੁਣ ਵਾਲੇ ਹਲ ਲਈ ਪੰਜਾਲੀ, ਅਰਲੀ, ਜੰਗੀ, ਫਾਲਾ ਤੇ ਸੁਹਾਗਾ; ਕਣਕ ਦੀ ਵਾਢੀ, ਬੇੜ, ਪੰਡਾਂ, ਖਲਵਾੜਾ, ਫਲਾ, ਤੰਗਲੀ, ਸਾਂਘਾ, ਧੜ, ਕੁਪ (ਮੂਸਲ), ਗੱਡਾ, ਦਾਤਰੀ, ਰੰਬਾ, ਕਹੀ, ਟੋਕਾ (ਹੱਥ ਵਾਲਾ ਤੇ ਗੇੜਨ ਵਾਲਾ, ਡੰਗਰਾਂ ਵਾਲਾ), ਖਾਲ, ਖੇਲ, ਗੁੜ ਬਣਾਉਂਣ ਲਈ ਵੇਲਣਾਂ। ਪੰਜਾਬ ਦੇ ਛੇਵੇਂ ਦਰਿਆ ਵਜੋਂ ਜਾਣੇ ਜਾਂਦੇ ਦੂਰਦਰਸ਼ੀ ਪ੍ਰਸ਼ਾਸਕ ਡਾ. ਰੰਧਾਵਾ ਅਤੀਤ ਨੂੰ ਸੰਭਾਲਣ ਦੇ ਚਾਹਵਾਨ ਸਨ। ਉਨ੍ਹਾਂ ਨੂੰ ਪੰਜਾਬ ਦੀ ਅਤੀਤ ਕਾਰੀਗਰੀ, ਖੇਤੀ ਸੰਦਾਂ ਅਤੇ ਸਮਾਜਿਕ ਇਤਿਹਾਸ ਦੀ ਵਿਰਾਸਤ ਪ੍ਰਦਰਸ਼ਨ ਕਰਨ ਲਈ ਅਜਾਇਬ ਘਰ ਇੱਕ ਸਪਸ਼ਟ ਸਾਧਨ ਜਾਪਿਆ।

ਇਸ ਤਰ੍ਹਾਂ ਡਾ. ਰੰਧਾਵਾ ਦੀ ਦੂਰਦਰਸ਼ੀ ਸੋਚ ਦੇ ਨਤੀਜੇ ਵਜੋਂ ਪੀ.ਏ.ਯੂ. ਵਿੱਚ ਪੇਂਡੂ ਪੰਜਾਬ ਦੇ ਇਤਿਹਾਸ ਦਾ ਵਿਲੱਖਣ ਅਜਾਇਬ ਘਰ ਹੋਂਦ ਵਿੱਚ ਆਇਆ। ਪੁਰਾਤਨ ਪੇਂਡੂ ਪੰਜਾਬੀ ਸੱਭਿਆਚਾਰ ਦੇ ਅਜਾਇਬ ਘਰ ਨੂੰ ਪੀ.ਏ.ਯੁ. ਵਿਚ ਬਨਾਉਣ ਪਿੱਛੇ ਡਾ. ਰੰਧਾਵਾ ਦਾ ਉਦੇਸ਼ ਬਹੁ-ਪੱਖੀ ਸੀ। ਪੰਜਾਬ ਦੇ ਅਲੋਪ ਹੋ ਰਹੇ ਵਿਰਸੇ ਨੂੰ ਸੰਭਾਲਣਾਂ ਅਤੇ ਵਿਦਿਆਰਥੀਆਂ ਨੂੰ ਇੱਸ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਇਸਦੀ ਵਰਤੋਂ ਕਰਨਾ ਮੁੱਖ ਉਦੇਸ਼ ਸਨ। ਆਉਣ ਵਾਲੀਆਂ ਨਸਲਾਂ ਵੀ ਪੀ.ਏ.ਯੂ. ਤੋਂ ਵਿਗਿਆਨ ਅਧਾਰਤ ਅਜੋਕੀ ਖੇਤੀ ਦੀ ਸਿੱਖਿਆ ਦੇ ਨਾਲ ਇੱਸ ਤਰ੍ਹਾਂ ਦੇ ਅਜਾਇਬ ਘਰ ਤੋਂ ਪੇਂਡੂ ਪੰਜਾਬ ਦੇ ਰਵਾਇਤੀ ਸੱਭਿਆਚਾਰ, ਜੀਵਨ ਸ਼ੈਲੀ, ਕਾਰੀਗੀਰੀ ਅਤੇ ਖੇਤੀਬਾੜੀ ਦੇ ਢੰਗਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਕਰ ਸੱਕਣਗੀਆਂ।

ਸੰਕਲਪ ਤੋਂ ਲੈ ਕੇ ਮੁਕੰਮਲ ਹੋਣ ਤੱਕ ਅਤੇ ਇਸ ਤੋਂ ਬਾਅਦ ਵੀ ਇਹ ਅਜਾਇਬ ਘਰ ਡਾ. ਰੰਧਾਵਾ ਲਈ ਪਿਆਰ ਦੀ ਕਿਰਤ ਰਿਹਾ। ਡਾ. ਰੰਧਾਵਾ ਨੇ ਖੁਦ ਬੜੇ ਸ਼ੋਕ ਨਾਲ ਪੰਜਾਂਬ ਦੇ ਵੱਖ ਵੱਖ ਪਿੰਡਾਂ ਵਿਚੋਂ ਲੱਭ ਕੇ ਬਣਾਉਣ ਵਾਲੀਆਂ ਅਤੇ ਨੁਮਾਇਸ਼ ਲਈ ਚੀਜਾਂ ਇਕੱਠੀਆਂ ਕੀਤੀਆਂ। ਜਿਨ੍ਹਾਂ ਦਿਨਾਂ ਵਿੱਚ ਅਜਾਇਬ ਘਰ ਬਣ ਰਿਹਾ ਸੀ, ਡਾ. ਰੰਧਾਵਾ ਦਿਨ ਵਿੱਚ ਘੱਟੋ-ਘੱਟ ਤਿੰਨ ਵਾਰ ਉਸਾਰੀ ਵਾਲੀ ਥਾਂ ਦਾ ਦੌਰਾ ਕਰਦੇ ਸਨ। ਅਜਾਇਬ ਘਰ ਦੀਆਂ ਨੁਮਾਇਸ਼ਾਂ ਨੂੰ ਨੇੜਿਓਂ ਵੇਖਦੇ ਸਨ। ਕਲਾ ਇਤਿਹਾਸਕਾਰ ਕੰਵਰਜੀਤ ਸਿੰਘ ਕੰਗ ਨੇ ਆਲ ਇੰਡੀਆ ਫਾਈਨ ਆਰਟਸ ਐਂਡ ਕਰਾਫਟਸ ਸੋਸਾਇਟੀ ਦੁਆਰਾ ਪ੍ਰਕਾਸ਼ਿਤ ਰਸਾਲੇ ਦੇ 1986 ਐਡੀਸ਼ਨ ਵਿੱਚ ਲਿਖਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਅਜਾਇਬ ਘਰ ਨੂੰ ਆਰਕੀਟੈਕਚਰ ਦੇ ਸਿਧਾਂਤਾਂ ਤੇ ਬਣੀ ਇਮਾਰਤ ਰੱਖਣ ਦਾ ਸਹੀ ਫੈਸਲਾ ਕੀਤਾ ਗਿਆ ਸੀ।



ਅਜਾਇਬ ਘਰ ਦਾ ਬਾਹਰੀ ਦ੍ਰਿਸ਼



ਪੁਰਾਣੇ ਘਰ ਦੇ ਅਗਲੇ ਹਿਸੇ ਦਾ ਦ੍ਰਿਸ਼



ਟਿੰਡਾਂ ਵਾਲੇ ਖੂਹ ਦਾ ਦ੍ਰਿਸ਼



ਪੁਰਾਣੇਂ ਹਥਿਆਰ ਅਤੇ ਕਣਕ ਤੋਂ ਤੂੜੀ ਵੱਖ ਕਰਨ ਵਾਲੇ ਸੰਦ



ਆਟਾ ਪੀਸਣ ਵਾਲੇ ਘਰਾਟ ਦਾ ਦ੍ਰਿਸ਼

**ਅਜਾਇਬ ਘਰ ਕਿਵੇਂ ਬਣਿਆਂ ਤੇ ਕੀ ਦਰਸਾਉਂਦੀ ਹੈ ਭਾਗ 2 ਵਿਚ ਪੜ੍ਹੋ ਜੀ।**

# ਸੈਰ ਦਾ ਆਨੰਦ

ਸਰਦਾਰਨੀ  ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
*ਸੰਪਰਕ: +1 403 404 1450*



ਸੈਰ ਸਾਡੀ ਸੇਹਤ ਲਈ ਇੱਕ ਵਰਦਾਨ ਹੈ- ਇਹ ਤਾਂ ਆਪਾਂ ਸਾਰੇ ਹੀ ਜਾਣਦੇ ਹਾਂ। ਪਰ ਫਿਰ ਵੀ ਕਈ ਵਾਰੀ ਆਪਾਂ ਜੀਵਨ ਦੇ ਰੁਝੇਵਿਆਂ ਕਾਰਨ, ਇਸ ਨੂੰ ਅਣਗੌਲਿਆ ਕਰ ਦਿੰਦੇ ਹਾਂ। ਤੰਦਰੁਸਤ ਰਹਿਣ ਲਈ, ਜੇ ਸੁਬਹ ਸ਼ਾਮ ਨਹੀਂ ਤਾਂ ਇੱਕ ਟਾਈਮ ਦੀ ਸੈਰ ਹਰ ਉਮਰ ਵਰਗ ਲਈ ਬੇਹੱਦ ਜਰੂਰੀ ਹੈ। ਮੈਡੀਕਲ ਸਾਇੰਸ ਮੁਤਾਬਕ- ਇਸ ਨਾਲ ਸਰੀਰ ਵਿੱਚ ਚੁਸਤੀ ਫੁਰਤੀ ਆਉਂਦੀ ਹੈ, ਹੱਡੀਆਂ ਤੇ ਮਾਸ ਪੇਸ਼ੀਆਂ ਦੀ ਕਸਰਤ ਹੋ ਜਾਂਦੀ ਹੈ, ਗੋਡੇ ਦੇਰ ਉਮਰ ਤੱਕ ਠੀਕ ਰਹਿੰਦੇ ਹਨ, ਖਾਧਾ ਪੀਤਾ ਅਸਾਨੀ ਨਾਲ ਪਚ ਜਾਂਦਾ ਹੈ, ਗੈਸ ਤੇ ਐਸਿਡਟੀ ਦੀ ਸਮੱਸਿਆ ਦੂਰ ਹੁੰਦੀ ਹੈ, ਖੁਲ੍ਹੀ ਹਵਾ 'ਚ ਸਾਹ ਲੈਣ ਨਾਲ ਫੇਫੜੇ ਖੁੱਲ੍ਹਦੇ ਹਨ, ਦਿਲ ਤੰਦਰੁਸਤ ਰਹਿੰਦਾ ਹੈ ਤੇ ਖੂਨ ਸੰਚਾਰ ਨਿਯਮਤ ਹੋ ਜਾਂਦਾ ਹੈ, ਖਾਣਾ ਪਚ ਕੇ 'ਕੈਲੋਰੀਜ਼' ਵਿੱਚ ਤਬਦੀਲ ਹੁੰਦਾ ਹੈ, ਸਰੀਰ ਦੀ ਐਮਿਊਨਿਟੀ ਵਧਦੀ ਹੈ, ਤੇ ਸ਼ੂਗਰ ਕੰਟਰੋਲ ਰਹਿੰਦੀ ਹੈ।

ਹਾਲ ਵਿੱਚ ਹੀ, ਵੀਰ ਜੀ ਸੁਰਜੀਤ ਸਿੰਘ ਜੀ ਦੀ ਇਕ ਪੋਸਟ ਪੜ੍ਹੀ ਕਿ- ਜਿਹੜਾ ਵੀ ਕੰਮ ਕਰੋ, ਚਾਅ ਨਾਲ ਕਰੋ!! ਉਹਨਾਂ ਦੀਆਂ ਪੋਸਟਾਂ ਸਾਡੇ ਵਰਗਿਆਂ ਲਈ ਪ੍ਰੇਰਣਾ ਸਰੋਤ ਹੁੰਦੀਆਂ ਹਨ। ਸੋ ਅੱਜ ਸਵੇਰ ਦੀ ਸੈਰ ਤੋਂ ਉਹਨਾਂ ਦੀ ਨਸੀਹਤ ਤੇ ਅਮਲ ਕਰਨਾ ਸ਼ੁਰੂ ਕੀਤਾ। ਸੱਚ ਪੁੱਛੋ ਤਾਂ ਇਸ ਚਾਅ ਨਾਲ ਕੀਤੀ ਸੈਰ ਦਾ ਮਨ ਨੂੰ ਹੋਰ ਵੀ ਆਨੰਦ ਆਇਆ ਤੇ ਪਾਠ ਕਰਦਿਆਂ, ਕੁਦਰਤ ਨੂੰ ਨਿਹਾਰਦਿਆਂ, ਕਾਦਰ ਦਾ ਸ਼ੁਕਰਾਨਾ ਕਰਦਿਆਂ, ਪਹਿਲਾਂ ਤੋਂ 15 ਮਿੰਟ ਹੋਰ ਵਧ ਸੈਰ ਕੀਤੀ- ਪਰ ਥਕਾਵਟ ਨਹੀਂ ਹੋਈ। ਸੋ ਇਸ ਤਰ੍ਹਾਂ ਜੇ ਆਪਾਂ ਹੌਲ਼ੀ ਹੌਲ਼ੀ ਜੇ ਦਿਨ ਭਰ ਦੇ ਸਾਰੇ ਕੰਮਾਂ ਵਿੱਚ ਚਾਅ ਸ਼ਾਮਲ ਕਰ ਲਈਏ ਤਾਂ ਨਿਰਸੰਦੇਹ ਸਾਡੇ ਮਨ ਤੇ ਸਰੀਰ ਨੂੰ ਨਵੀਂ ਊਰਜਾ ਮਿਲੇਗੀ। ਕਈ ਵਾਰੀ ਅਸੀਂ ਆਪਣੇ ਆਪ ਨੂੰ ਕਹਿ ਦਿੰਦੇ ਹਾਂ - ' ਬਈ ਹੁਣ ਗਲ਼ ਪਿਆ ਢੋਲ ਵਜਾਉਣਾ ਹੀ ਪੈਂਣਾ!!

ਉਦੋਂ ਅਸੀਂ ਕੰਮ ਕਰਨ ਤੋਂ ਪਹਿਲਾਂ ਹੀ ਥੱਕ ਜਾਂਦੇ ਹਾਂ। ਅਕਸਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਘਰ ਜਿਹਨਾਂ ਕੰਮਾਂ ਬਦਲੇ ਪਰਿਵਾਰਾਂ ਵਿੱਚ ਤਕਰਾਰ ਹੁੰਦਾ ਹੈ ਉਹੀ ਸੇਵਾ ਗੁਰੂ ਘਰ ਵਿੱਚ ਘੰਟਿਆਂ ਬੱਧੀ ਲਗਾਤਾਰ ਕਰਕੇ ਵੀ ਕੋਈ ਅੱਕਦਾ ਨਹੀਂ ਕਿਉਂਕਿ ਉਸ ਸੇਵਾ ਨੂੰ ਅਸੀਂ ਚਾਅ ਨਾਲ ਕਰਦੇ ਹਾਂ।

ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ -

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥ ( ਅੰਗ ੭੮੭)

ਸੋ ਅਣਮੰਨੇ ਮਨ ਨਾਲ ਕੀਤੇ ਕੰਮ ਦਾ ਕਿਸੇ ਨੂੰ ਵੀ ਲਾਭ ਨਹੀਂ ਹੁੰਦਾ।

ਖੈਰ ਆਪਾਂ ਗੱਲ ਕਰ ਰਹੇ ਸੀ ਸੈਰ ਦੀ- ਇਸ ਨਾਲ ਅਸੀਂ ਕੁਦਰਤ ਨਾਲ ਵੀ ਜੁੜਦੇ ਹਾਂ। ਸਾਥੀਓ- ਕੁਦਰਤ ਦੀ ਗੋਦ ਦਾ ਤਾਂ ਆਨੰਦ ਹੀ ਵੱਖਰਾ ਹੈ। ਕੁਦਰਤ ਨਾਲੋਂ ਟੁਟਣ ਕਾਰਨ ਹੀ, ਸਾਨੂੰ ਕਰੋਨਾ ਵਰਗੀਆਂ ਮਹਾਂਮਾਰੀਆਂ ਨੇ ਘੇਰਿਆ। ਕਿਸੇ ਪਾਰਕ ਵਿੱਚ ਜਾਓ- ਰੁੱਖਾਂ, ਫੁੱਲਾਂ, ਪੌਦਿਆਂ, ਪੰਛੀਆਂ ਨੂੰ ਨਿਹਾਰੋ- ਕੁਦਰਤ ਨੇ ਕਿੰਨੇ ਰੰਗ ਭਰੇ ਹਨ ਆਪਣੀ ਸ੍ਰਿਸ਼ਟੀ ਵਿੱਚ! ਤੁਹਾਡੇ ਮੂੰਹੋਂ ਆਪਣੇ ਆਪ- ਵਾਹ..! ਸ਼ਬਦ ਨਿਕਲੇਗਾ। ਕੁਦਰਤ ਦੇ ਕਵੀ ਭਾਈ ਵੀਰ ਸਿੰਘ ਜੀ ਵੀ ਵੈਰੀਨਾਗ ਦੇ ਚਸ਼ਮੇ ਨੂੰ ਤੱਕ ਕੇ ਕਹਿ ਉੱਠਦੇ ਹਨ-

ਵੈਰੀਨਾਗ ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿੱਚ ਵੱਜਦਾ,

ਕੁਦਰਤ ਦੇ ਕਾਦਰ ਦਾ ਜਲਵਾ, ਲੈ ਲੈਂਦਾ ਇਕ ਸਜਦਾ।

ਕਿਸੇ ਝੀਲ ਦੇ ਕਿਨਾਰੇ ਸੈਰ ਕਰੋ- ਪਾਣੀ ਵਿੱਚ ਤਰਦੀਆਂ ਮੁਰਗਾਬੀਆਂ ਨੂੰ ਤੱਕੋ..ਕਿਵੇਂ ਪਾਣੀ ਵਿੱਚ ਤਰਦੀਆਂ ਹੋਈਆਂ ਆਪਣੇ ਖੰਭ ਨਹੀਂ ਭਿੱਜਣ ਦਿੰਦੀਆਂ ਤੇ ਜਦੋਂ ਜੀਅ ਕਰੇ ਉਡਾਰੀ ਮਾਰ ਦੂਸਰੀ ਲੇਕ ਤੇ ਚਲੀਆਂ ਜਾਂਦੀਆਂ! ਡੁਬਦੇ ਸੂਰਜ ਦੀ ਲਾਲੀ ਨੂੰ ਲੇਕ ਦੇ ਪਾਣੀ ਵਿੱਚ ਤੱਕਦਿਆਂ ਇੰਜ ਲਗਦਾ, ਜਿਵੇਂ ਸੂਰਜ ਪਾਣੀ ਵਿੱਚ ਡੁਬਕੀ ਲਾ ਰਿਹਾ ਹੋਵੇ! ਪੰਛੀਆਂ ਦਾ ਸੰਗੀਤ ਵੀ ਮਨ ਨੂੰ ਬੜਾ ਸਕੂਨ ਦਿੰਦਾ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿੱਚ ਫੁਰਮਾਉਂਦੇ ਹਨ -

ਬਲਿਹਾਰੀ ਕੁਦਰਤਿ ਵਸਿਆ॥

ਤੇਰਾ ਅੰਤੁ ਨ ਜਾਈ ਲਖਿਆ॥

ਸੋ ਸੈਰ ਕਰਦੇ ਹੋਏ, ਅਸੀਂ ਕੁਦਰਤ ਤੋਂ ਬਲਿਹਾਰੇ ਜਾਂਦੇ ਹਾਂ ਤੇ ਸਾਡੇ ਮੂੰਹੋਂ ਆਪਣੇ ਆਪ ਉਸ ਸਿਰਜਣਹਾਰੇ ਦੀ ਸਿਫਤ ਸਲਾਹ ਨਿਕਲਦੀ ਹੈ।

ਜੇ ਸੈਰ ਨੂੰ ਜੀਵਨ ਦਾ ਅੰਗ ਬਣਾ ਲਿਆ ਜਾਵੇ ਤੇ ਇਹ ਰੋਜ਼ਾਨਾ ਚਾਅ ਨਾਲ ਕੀਤੀ ਜਾਵੇ ਤਾਂ ਡਿਪਰੈਸ਼ਨ ਕਦੇ ਨੇੜੇ ਨਹੀਂ ਲਗਦਾ। ਜੇ ਜਿੰਮ, ਸਵਿਮਿੰਗ ਪੂਲ ਆਦਿ ਨਾ ਵੀ ਜਾਇਆ ਜਾਏ- ਤਾਂ ਆਪਾਂ ਸੈਰ ਦਾ ਪੱਲਾ ਨਾ ਛੱਡੀਏ। ਕਸਰਤ ਜਾਂ ਯੋਗਾ ਆਪਣੇ ਘਰ ਵਿੱਚ ਵੀ ਕਰ ਸਕਦੇ ਹਾਂ। ਸਰੀਰ ਦੇ ਸਾਰੇ ਅੰਗਾਂ ਨੂੰ ਹਿਲਾਉਣਾ, ਅਤਿਅੰਤ ਜਰੂਰੀ ਹੈ। ਕੰਪਿਊਟਰ ਤੇ ਸਾਰਾ ਦਿਨ ਬੈਠਣ ਨਾਲ, ਪਿੱਠ ਦਰਦ, ਸਰਵਾਈਕਲ ਤੇ ਅੱਖਾਂ ਦੀਆਂ ਬੀਮਾਰੀਆਂ ਦੀ ਸੰਭਾਵਨਾ ਕਾਫੀ ਹੱਦ ਤੱਕ ਵਧ ਗਈ ਹੈ।

ਅਜੋਕੇ ਯੁੱਗ ਵਿੱਚ, ਔਨਲਾਈਨ ਕੰਮ, ਜਾਂ ਬੱਚਿਆਂ ਦੀਆਂ ਔਨਲਾਈਨ ਕਲਾਸਾਂ ਆਮ ਚਲਦੀਆਂ ਹਨ ਤੇ, ਬੱਚਿਆਂ ਨੂੰ ਜਾਂ ਵੱਡਿਆਂ ਨੂੰ ਸਾਰਾ ਦਿਨ ਕੰਪਿਊਟਰ ਨਾਲ ਮੱਥਾ ਮਾਰਨਾ ਪੈਂਦਾ ਹੈ।

ਇਸ ਨਾਲ ਬੱਚਿਆਂ ਤੇ ਮਾਪਿਆਂ ਵਿੱਚ ਤਨਾਉ ਵੱਧ ਰਹੇ ਹਨ। ਬੱਚਿਆਂ ਨੂੰ ਅੱਧੇ ਪੌਣੇ ਘੰਟੇ ਲਈ ਜਰੂਰ ਬਾਹਰ ਤਾਜ਼ੀ ਹਵਾ ਵਿੱਚ ਕੱਢੋ- ਇਸ ਨਾਲ ਦਿਨ ਭਰ ਦੀ ਦਿਮਾਗੀ ਥਕਾਵਟ ਲੱਥ ਜਾਏਗੀ।

ਜੇ ਮੈਂ ਆਪਣੀ ਗੱਲ ਕਰਾਂ ਤਾਂ- ਰੋਜ਼ਾਨਾ ਸੈਰ ਦੀ ਆਦਤ ਹੋਣ ਕਾਰਨ, ਮੈਂ ਲਗਦੀ ਵਾਹ ਅੱਧੇ ਪੌਣੇ ਘੰਟੇ ਲਈ ਜਰੂਰ ਬਾਹਰ ਘੁੰਮਣ ਜਾਂਦੀ ਹਾਂ- ਜੇ ਮੌਸਮ ਇਜਾਜ਼ਤ ਦੇਵੇ ਤਾਂ! ਕਈ ਵਾਰੀ ਮੇਰੇ ਵਰਗਿਆਂ ਨੂੰ ਲੋਕੀਂ ਮਖੌਲ ਵੀ ਕਰਨ ਲਗ ਜਾਂਦੇ ਕਿ-"ਤੁਹਾਨੂੰ ਕੀ ਲੋੜ ਹੈ ਸੈਰ ਕਰਨ ਦੀ- ਤੁਸੀਂ ਤਾਂ ਪਹਿਲਾਂ ਹੀ ਇੰਨੇ ਪਤਲੇ ਹੋ!' ਬਈ- ਪਤਲੇ ਮੋਟੇ ਦਾ ਸੁਆਲ ਨਹੀਂ, ਸੈਰ ਤਾਂ ਤੰਦਰੁਸਤੀ ਲਈ ਕਰਨੀ ਹੈ। ਫਿਰ ਮੇਰੀ ਉਮਰ ਦੇ ਬੰਦਿਆਂ ਤੋਂ ਹੁਣ ਫਿਜ਼ੀਕਲ ਕੰਮ ਤਾਂ ਹੁੰਦਾ ਨਹੀਂ ਬਾਹਲਾ- ਜਿਸ ਕਾਰਨ ਘਰ ਬੈਠੇ ਖਾਣਾ ਹੀ ਹਜ਼ਮ ਨਹੀਂ ਹੁੰਦਾ। ਜੇ ਮੌਸਮ ਅਨੁਕੂਲ ਨਾ ਵੀ ਹੋਵੇ ਤਾਂ ਕਿਸੇ, ਅੰਡਰਗਰਾਊਂਡ ਪਾਰਕਿੰਗ, ਗੈਲਰੀ, ਘਰ ਦੀ ਬੇਸਮੈਂਟ ਜਾਂ ਲਿਵਿੰਗ ਰੂਮ ਵਿੱਚ ਹੀ ਅੱਧਾ ਘੰਟਾ ਘੁੰਮ ਲੈਣਾ ਚਾਹੀਦਾ।

ਸੈਰ ਕਰਦਿਆਂ ਕਈਆਂ ਨਾਲ ਮੇਲ ਮਿਲਾਪ ਵੀ ਹੋ ਜਾਂਦਾ ਹੈ।

ਵੈਸੇ ਵੀ ਇਹਨਾਂ ਬਿਗਾਨੇ ਮੁਲਕਾਂ ਵਿੱਚ, ਆਪਣਿਆਂ ਨੂੰ ਮਿਲ ਕੇ- ਜੋ ਖੁਸ਼ੀ ਹੁੰਦੀ ਹੈ ਉਹ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਆਪਣੇ ਮੁਲਕ ਦੀਆਂ ਗੱਲਾਂ ਬਾਤਾਂ ਕਰਕੇ, ਜਾਂ ਆਪਣਾ ਦੁੱਖ ਸੁੱਖ ਕਰਕੇ ਮਨ ਦਾ ਭਾਰ ਹੌਲ਼ਾ ਕਰ ਲੈਣਾ ਵੀ ਕੋਈ ਮਾੜੀ ਗੱਲ ਨਹੀਂ!

ਸਾਥੀਓ- ਜੇ ਇਕੱਲੇ ਸੈਰ ਕਰੋ ਤਾਂ ਹੋਰ ਵੀ ਆਨੰਦ ਆਉਂਦਾ ਹੈ। ਸ਼ਾਮ ਦਾ ਸਮਾਂ ਹੈ ਤਾਂ ਰਹਿਰਾਸ ਸਾਹਿਬ ਕਰਦਿਆਂ ਜਾਂ ਹੋਰ ਸ਼ਬਦ ਜੋ ਜ਼ੁਬਾਨੀ ਯਾਦ ਹੋਣ,- ਉਹ ਬੋਲਦਿਆਂ, ਪਤਾ ਹੀ ਨਹੀਂ ਲਗਦਾ ਕਿ ਕਦੋਂ ਸੈਰ ਪੂਰੀ ਹੋ ਗਈ! ਜੇ ਕੋਈ ਸ਼ਬਦ, ਭਜਨ ਨਹੀਂ ਵੀ ਯਾਦ- ਤਾਂ ਵੀ ਆਪੋ ਆਪਣੇ ਅਕੀਦੇ ਅਨੁਸਾਰ- ਸਿਮਰਨ ਕਰਕੇ, ਪਰਮਾਤਮਾ ਨੂੰ ਯਾਦ ਕੀਤਾ ਜਾ ਸਕਦਾ ਹੈ।

ਨਾਲ ਨਾਲ ਦਰੱਖਤਾਂ ਤੇ ਚਹਿਚਹਾਉਂਦੇ ਪੰਛੀ, ਦਰੱਖਤਾਂ ਤੇ ਫੁੱਟ ਰਹੀਆਂ ਕਰੂੰਬਲਾਂ, ਹਰਾ ਭਰਾ ਹੋ ਰਿਹਾ ਘਾਹ, ਉਡਾਰੀ ਮਾਰਦੀਆਂ ਮੁਰਗਾਬੀਆਂ- ਸਟਰੌਲਰ 'ਚ ਬੈਠੇ ਮੁਸਕਰਾਉਂਦੇ ਹੋਏ ਪਿਆਰੇ ਬੱਚੇ- ਸਭ ਦਾ ਅਨੰਦ ਮਾਣ ਸਕਦੇ ਹਾਂ। ਇਕੱਲੇ ਤੁਰਦੇ ਹੋਏ ਅਸੀਂ ਆਪਣੀ ਮਰਜ਼ੀ ਦੇ ਖੁਦ ਮਾਲਕ ਹਾਂ- ਹੋਲੀ ਤੁਰੋ, ਤੇਜ਼ ਚਲੋ, ਰੁਕ ਜਾਓ ਚਾਹੇ ਜੋਗਿੰਗ ਕਰੋ ! ਜਿਹਨਾਂ ਨੇ ਕੁੱਤੇ ਪਾਲੇ ਹੋਏ ਹਨ ਉਹਨਾਂ ਦੀ ਤਾਂ ਓਸ ਬਹਾਨੇ ਸੈਰ ਹੋ ਜਾਂਦੀ ਹੈ ।

ਰੁਟੀਨ ਬਣਾ ਕੇ ਵੇਖੋ ਤੁਸੀਂ ਵੀ, ਤੇ ਚਾਅ ਨਾਲ ਕਰੋ ਸੈਰ- ਮਨ ਚੜ੍ਹਦੀ ਕਲਾ 'ਚ ਆ ਜਾਏਗਾ!

**Honour for a Sikh (S. Ajay Banga, President - World Bank)**




In the recently held G-7 Summit in Canada (at Kananaskis from 15 to 17 June 2025), the most powerful world Leaders, including Presidents and Prime Ministers of various countries were present. In the official photograph released after the meeting **Sardar Ajay Banga - President, World Bank** (wearing red Turban) is standing in the group. It is a great honour for all of us that a Sikh is part of the World Leadership.

(**S. Tarlochan Singh**, Ex-MP and Ex- Chairman, Minorities Commission, India)

# Dr Jaswant Singh Sachdev

## A Selfless Gursikh Dedicated to *Sikhi*



Dr. Jaswant Singh Sachdev, M.D., F.A.A.N., a board-certified Fellow of the American Academy of Neurology, has practiced Neurology in Phoenix, Arizona U.S.A. from 1976 to 2015. Before migrating to United States in 1972, he completed his medical degree M.B.B.S. in 1967 from the Government Medical College, Patiala, Punjab (India) and was recipient of several Gold Medals including an award for the Best Graduate of the Class of 1967. After completing Post-graduate studies in Medicine (M.D.), in 1971, he joined the faculty in same institution and taught medicine for about three years. He moved to New York, USA in 1972 and completed Neurology residency from New York Medical College between 1972 through 1976 and received M.D. and became Board Certified Neurology and Psychiatry.

A well-known multi-faceted community volunteer, he is a leading member of Sikh Community in Arizona, for over four decades. He was intimately involved in the construction of two Gurdwara Sahibs in Phoenix and has been actively involved in various Gurdwara (Sikhs' place of worship) activities. Between 2,000 through 2019 he initiated and headed a Sikh service group along with the help of his wife and other community volunteers to prepare and serve free hot full meals to homeless citizens on monthly basis. After 9/11, he became intimately involved in spreading awareness about the Unique Identity of the Sikhs through PowerPoint presentations to non-Sikh local groups at various Churches, Old-Age homes, schools, colleges, universities and other congregations.

Dr. Sachdev has been an Advisory Member to the Arizona Inter-Faith Movement (AIFM) for about 20 years and was a Rotarian. He has been serving on the Phoenix Police Sikh Advisory Board for several years. For his various community activities, the Arizona Asian American Association recognized him with the 'Outstanding Citizen Award' for the year 2004. Few years back, he led the local Sikh Community in donating $65000 to the City of Phoenix for the plantation of 550 trees in the needed sections of the city to "Keep Phoenix Beautiful". He also put together a group of Sikh Volunteers to serve 20,000 cold water bottles on the July 4 celebration at Steele Park.

About 15 years ago, he established a Charitable Clinic in memory of his parents in a locality in Patiala, India, where he grew up. This outpatient clinic provides free treatment and free medicines to about 150-175 patients daily. The clinic has a trained physician, a physical therapist, two dentists, as well as arrangements for free Cataract Surgery for 50 poor patients. The clinic is run by the Executive Committee of the Gurdwara Sahib, and all Executive Committee members serve every evening in various capacities.

Based on various activities, he was recently selected as one of the "50 Prominent Sikhs of USA" by the 'Young Sikh Progressive Forum'.

As an author he is interested in Indian diaspora issues. He haspublished in many Indian weeklies in U.S. He has written seven books, six related to the diaspora - *Square Pegs, Round Holes* (2007), *One Coin, Two Sides* (2011) and *Western Mirror, Eastern Reflections* (2017) and *Adapting to the Adopted Culture*, *Pearls in Pebbles* and the latest this year, *Lonely in the Crowd*. They delve into similarities and dissimilarities between the Eastern lifestyle of NRIs in a dominant Western culture and how to reconcile them. He has also written about Sikh Issues abroad titled *Sikhism: (Points to Ponder, Perspectives of Sikhs Living Abroad)*. His books are available *free of charge* from him, except for shipping expenses.

For the last five years he had been running, and moderating a very successful weekly Zoom event about Sikh faith on Global level known as "**PHX Global Gurmat Vichaar**." Every week a Sikh intellectual specializing in a special field of *Sikhi* is invited as a guest speaker on ZOOM to speak to an International audience consisting of about 60 to 100 individuals from a registered group of 345 members. The group primarily consists of Professors, Teachers, Writers, Ph.D.'s, M.D.s, and others. An interactive discussion on the topic then follows.

(By - Dr Kabal Singh, Canada)

## A Letter from Prof. Dr. Jai Rup Singh, *FIMSA, FAMS, FPAS (USA)*

The remarkable contributions of the Sikh community on the tapestry of human achievements stand out as a testament to their resilience, innovation, and brilliance. Their discoveries and patented inventions have left an indelible mark on the world. From North America to Europe and Asia, Sikh scientists have been at the forefront of groundbreaking advancements. Their work spans a diverse array of fields, including biotechnology, IT, basic sciences, engineering, medicine and human genetics. One cannot help but be inspired by the pioneering work of the Sikh scientists in internet and telecommunications, in agricultural sciences that revolutionized crop production and the work of contemporary scientists which is opening new frontiers in medicine and materials science. The challenges they overcame, and their relentless pursuit of scientific research define the Sikh spirit. With their dedication and ingenuity, they not only advanced their respective fields but have also embodied the core values of the Sikh faith - pursuit of knowledge and philanthropic work.



We must highlight their contributions for posterity, as their immense achievements have remained unknown even to the Sikh masses. This will definitely kindle the desire to excel in the minds of young scholars and also prompt them to emulate these great pioneers. The legacy of these scientists is a beacon of hope for our youngsters and a reminder that with passion and determination everything is possible.

Founder Vice Chancellor, Central University of Punjab, Bathinda

Former Vice Chancellor, Guru Nanak Dev University, Amritsar

Honorary Professor, Panjab University, Chandigarh

Professor Emeritus, Guru Nanak Dev University, Amritsar

Former President, Indian Society of Human Genetics

## We are Proud of Them

SikhNet PLAY Sharing the Love of Gurbani

### Baru Sahib Kids (kalgidhar Trust)




**Anahad Bani Jatha of Baru Sahib is carrying forward the tradition of Kirtan through ancient strings**. This initiative is to conserve the ancient traditions of Raag-Kirtan with Tanti Saaj. Anahad Bani Jatha, Baru Sahib has initiated this effort of making a series of Gurbani Shabads to revive the ancient Tanti Saaj with the blessings and efforts of Shiromani Panth Rattan Sant Baba Iqbal Singh ji

(Sant Baba Iqbal Singh ji, Akal Academy, Baru Sahib, HP)

# ਸਾਬਤ ਸੂਰਤਿ ਦਸਤਾਰ ਸਿਰਾ

ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਦਸਤਾਰ ਸ਼ਬਦ ਫ਼ਾਰਸੀ ਭਾਸ਼ਾ ਤੋਂ ਆਇਆ ਹੈ ਜਿਸਦਾ ਅਰਥ ਹੈ ਪਗ ਜਾਂ ਪਗੜੀ । ਗੁਰਬਾਣੀ ਦੇ ਕਈ ਸ਼ਬਦਾਂ ਵਿਚ ਪਗ, ਪਗੜੀ ਅਤੇ ਦਸਤਾਰ ਦੀ ਵਰਤੋਂ ਹੋਈ ਹੈ :-

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥26॥ (ਅੰਗ-1379 )

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥
ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥2॥ (ਅੰਗ-727)

ਸ੍ਰੀ ਗੁਰੂ ਅਰਜਨ ਦੇਵ ਜੀ ਇਸਲਾਮੀ ਮਰਿਆਦਾ ਦੇ ਪਿਛੋਕੜ ਵਿਚ ਦਸਤਾਰ ਦਾ ਜ਼ਿਕਰ ਵੀ ਕੀਤਾ ਹੈ :-

ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥ (ਅੰਗ-1084}

ਜਿਸਦਾ ਅਰਥ ਹੈ: ਹੇ ਬੰਦੇ ! ਆਪਣੇ ਇਸ ਸਰੀਰ ਨੂੰ ਜਿਸ ਰਾਹੀਂ ਸਦਾ ਚੰਗੇ ਮੰਦੇ ਕੰਮ ਕੀਤੇ ਜਾਂਦੇ ਹਨ ਆਪਣੀ ਵਫ਼ਾਦਾਰ ਔਰਤ ਬਣਾ। ਵਿਕਾਰਾਂ ਦੇ ਰੰਗ ਤਮਾਸ਼ੇ ਮਾਣਨ ਦੀ ਥਾਂ ਇਸ ਪਤਿਬ੍ਰਤਾ ਇਸਤ੍ਰੀ ਦੀ ਰਾਹੀਂ ਰੱਬੀ ਮਿਲਾਪ ਦੇ ਰੰਗ-ਤਮਾਸ਼ੇ ਮਾਣਿਆ ਕਰ। ਹੇ ਅਲਾਹ ਦੇ ਬੰਦੇ - ਵਿਕਾਰਾਂ ਵਿਚ ਮਲੀਨ ਹੋ ਰਹੇ ਮਨ ਨੂੰ ਪਵਿਤੱਰ ਕਰਨ ਦਾ ਯਤਨ ਕਰ। ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ। ਸਿਰ ਤੇ ਦਸਤਾਰ ਸਮੇਤ ਆਪਣੇ ਸਰੀਰ ਨੂੰ ਜਿਉਂ ਦਾ ਤਿਉਂ ਰੱਖ। ਇਹ ਇੱਜ਼ਤ-ਆਦਰ ਪਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ।

ਸੰਸਾਰ ਦੇ ਬਹੁਤ ਸਾਰੇ ਸਭਿਆਚਾਰਾਂ ਵਿਚ ਦਸਤਾਰ ਬੰਨਣ ਦੀ ਪਰੰਪਰਾ ਰਹੀ ਹੈ। ਮਿਸਰ ਦੇ ਲੋਕ ਇਸ ਨੂੰ ਇਕ ਸਜਾਵਟੀ ਬਸਤਰ ਵੱਜੋਂ ਪਾਉਂਦੇ ਸਨ ਜਿਸਨੂੰ ਪਜੀਰ ਕਿਹਾ ਜਾਂਦਾ ਸੀ ਜਿਸਤੋਂ ਪਗੜੀ ਸ਼ਬਦ ਬਣਿਆ। ਵਿਸ਼ੇਸ਼ ਕਰਕੇ ਦਸਤਾਰ ਬੰਨ੍ਹਣ ਦੀ ਰਵਾਇਤ ਏਸ਼ੀਆ, ਮੱਧ-ਪੂਰਬ ਅਤੇ ਉੱਤਰੀ ਅਫ਼ਰੀਕਾ ਵਿਚ ਕਈ ਸਦੀਆਂ ਤੋਂ ਚਲਦੀ ਆਈ ਹੈ।

ਭਾਰਤ ਦੇ ਵਿਭਿੰਨ ਪ੍ਰਦੇਸ਼ਾ ਅਤੇ ਸਮਾਜਾਂ ਵਿਚ ਕਈ ਪ੍ਰਕਾਰ ਦੀ ਪਗੜੀ ਬੰਨੀ ਜਾਂ ਪਾਈ ਜਾਂਦੀ ਹੈ ਜਿਵੇਂ :-

ਖਿੜਕੀਦਾਰ ਪਗੜੀ- ਲੜਾਂ ਵਿਚ ਖਾਲੀ ਥਾਵਾਂ ਰਖੀਆਂ ਜਾਂਦੀਆਂ ਹਨ ਜੋ ਸਜਾਟਵ ਲਈ ਜ਼ਰੀਦਾਰ ਕਪੜੇ ਦੀ ਬਣਾਈ ਜਾਂਦੀ ਹੈ।

ਪਾਗ ਪਗੜੀ – ਬਿਹਾਰ ਦੇ ਮਿਥਲਾ ਇਲਾਕੇ ਦੇ ਲੋਕ ਬੰਨ੍ਹਦੇ ਹਨ।

ਰਾਜਸਥਾਨੀ ਪਗੜੀ – ਰਾਜਥਾਨ ਦੇ ਲੋਕ ਕਈ ਰੰਗਾਂ, ਕਿਸਮਾਂ ਅਤੇ ਆਕਾਰ ਦੀ ਪਗ ਬੰਨ੍ਹਦੇ ਹਨ ਜੋ ਸੈਲਾਨੀਆ ਦੀ ਖਿਚ ਦਾ ਕੇਂਦਰ ਬਣਦੀਆ ਹਨ ।

ਪੇਸ਼ਾਵਰੀ ਪਗਰੀ – ਪੱਛਮੀ ਪੰਜਾਬ ਦੇ ਪੇਸ਼ਾਵਰ ਇਲਾਕੇ ਵਿਚ ਇਹ ਪਗੜੀ ਬੰਨ੍ਹਣ ਦੀ ਰਵਾਇਤ ਹੈ। ਇਹ ਸਿਰ ਉੱਤੇ ਇਕ ਗੋਲ ਟੋਪੀ (ਕੁੱਲਾ) ਦੁਆਲੇ ਲੁੰਗੀ ਨਾਮ ਦਾ ਕਪੜਾ ਲਪੇਟ ਕੇ ਬੰਨੀ ਜਾਂਦੀ ਹੈ।

ਵੈਦਿਕ ਕਸ਼ਤ੍ਰੀਯ ਪਗਰੀ – ਇਹ ਦੋ ਲੰਮੇ ਕਪੜਿਆਂ ਨਾਲ ਬੰਨੀ ਜਾਂਦੀ ਹੈ । ਪਹਿਲੀ ਸਿਰ ਦੁਆਲੇ ਲਪੇਟ ਕੇ ਦੂਜੀ ਕੇਸਰੀ ਰੰਗ ਦੇ ਕਪੜੇ ਦੀ ਪਹਿਲੈ ਬੱਧੀ ਪੱਗ ਨੂੰ ਪੂਰੀ ਤਰ੍ਹਾਂ ਢੱਕ ਲੈਂਦੀ ਹੈ। ਹੁਣ ਇਸਦਾ ਰਿਵਾਜ ਨਹੀ ਰਿਹਾ।

ਫ਼ੇਟਾ ਪਗੜੀ– ਇਹ ਬਣੀ ਬਣਾਈ ਪੱਗ ਮੈਸੂਰ ਅਤੇ ਕੋਡਾਗੂ ਵਿਚ ਪਈ ਜਾਂਦੀ ਹੈ। ਮੈਸੂਰ ਦੇ ਰਾਜੇ ਇਹ ਸੁਦੇਸ਼ੀ ਰਵਾਇਤ ਕਰਕੇ ਪਾਂਦੇ ਸਨ। ਅਜਾਇਬ ਘਰਾਂ ਵਿਚ ਵਿਭਿੰਨ ਪ੍ਰਕਾਰ ਦੀ ਪਗੜੀਆਂ ਵਾਲੀਆਂ ਮੂਰਤੀਆਂ ਗਵਾਹੀ ਭਰਦੀਆ ਹਨ ਕਿ ਭਾਰਤ ਵਿਚ ਪਗੜੀ ਸਜਾਉਣ ਦੀ ਪ੍ਰੰਪਰਾ ਸਦੀਆਂ ਪੁਰਾਣੀ ਹੈ। ਭਾਰਤ ਵਿਚ ਦਸਤਾਰ ਬੰਨਣ ਦਾ ਇਕ ਸਮਾਜਕ ਬੰਧਨ ਰਿਹਾ ਹੈ। ਹਰ ਧਰਮ ਅਤੇ ਜਾਤ ਦੇ ਲੋਕ ਦਸਤਾਰ ਬੰਨ੍ਹਦੇ ਆਏ ਹਨ।

ਪਗ ਜਾਂ ਪਗੜੀ ਨੇ ਪੰਜਾਬੀ ਸਭਿਆਚਾਰ ਵਿਚ ਵੀ ਪ੍ਰਵੇਸ਼ ਕੀਤਾ ਹੈ। ਇਸ ਨਾਲ ਬਹੁਤ ਸਾਰੇ ਸਮਾਜਕ ਸਨਮਾਨ ਤੇ ਵਿਹਾਰਕ ਮੁਹਾਵਰਿਆਂ ਦੇ ਰੂਪ ਵਿਚ ਜੁੜ ਗਏ ਹਨ ਜਿਵੇਂ :

ਪੱਗ ਦੀ ਲਾਜ ਰਖਣਾ, ਪੱਗ ਲੱਥ ਜਾਣੀ, ਪੱਗ ਸੰਭਾਲਣੀ, ਪੱਗ ਵਟਾਉਣੀ। ਹਿੰਦੂਆਂ ਵਿਚ ਵਿਆਹ ਸ਼ਾਦੀਆਂ ਵੇਲੇ ਪਗੜੀ ਬੰਨਣ ਦਾ ਰਿਵਾਜ ਅਜ ਵੀ ਹੈ। ਕਿਸੇ ਬਜ਼ੁਰਗ ਦੇ ਮਰਨ ਮਗਰੋਂ ਉਸਦੇ ਪੁੱਤਰ ਨੂੰ ਪਗੜੀ ਬੰਨ੍ਹਵਾਉਣ ਦੀ ਰਸਮ ਪ੍ਰਚੱਲਿਤ ਹੈ। ਸੋ ਦਸਤਾਰ ਪਗੜੀ ਆਦਰ ਜ਼ਿੰਮੇਦਾਰੀ ਦੇ ਮਹੱਤਵ ਦੀ ਸੂਚਕ ਵਸਤੂ ਹੈ।

ਸਿੱਖ ਧਰਮ ਦੇ ਬਸਤ੍ਰਾਂ ਵਿਚ ਦਸਤਾਰ ਦਾ ਵਿਸ਼ੇਸ਼ ਸਥਾਨ ਹੈ। ਸਾਰੇ ਗੁਰੂ ਸਾਹਿਬਾਨ ਦਸਤਾਰ ਧਾਰਨ ਕਰਦੇ ਸਨ। ਗੁਰੂ ਹਰਿਗੋਬਿੰਦ ਜੀ ਦੀ ਦਸਤਾਰ ਬਾਰੇ ਉਨ੍ਹਾ ਦੇ ਦਰਬਾਰੀ ਢਾਡੀ ਨੱਥਾਮਲ ਨੇ ਆਪਣੀ ਵਾਰ ਵਿਚ ਗਾਇਆ ਸੀ :

"ਪਗ ਤੇਰੀ ਕੀ ਜਹਾਂਗੀਰ ਦੀ"।

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਸੰਸਕਾਰ ਵੇਲੇ ਪੰਜ ਕਕਾਰਾਂ ਸਹਿਤ ਦਸਤਾਰ ਨੂੰ ਖਾਲਸੇ ਦਾ ਜ਼ਰੂਰੀ ਬਸਤ੍ਰ ਘੋਸ਼ਿਤ ਕਰ ਦਿੱਤਾ। ਇਸ ਨਾਲ ਕੇਸਾਂ ਨੂੰ ਚੰਗੀ ਤਰ੍ਹਾਂ ਢੱਕਿਆ ਜਾ ਸਕਦਾ ਹੈ। ਸਿੱਖਾਂ ਲਈ ਟੋਪੀ ਪਾਉਣ ਦੀ ਮਨਾਹੀ ਹੈ ਕਿਉਂਕਿ ਟੋਪੀ ਗੁਲਾਮੀ ਦਾ ਚਿਨ੍ਹ ਹੈ।

ਖਾਲਸੇ ਦੀ ਦਸਤਾਰ ਉਸਦੇ ਆਪਣੇ ਧਰਮ ਪ੍ਰਤੀ ਅਡਿੱਗ ਵਿਸ਼ਵਾਸ ਪ੍ਰਗਟ ਕਰਦੀ ਹੈ, ਜਿਸ ਨਾਲ ਹਿਰਦੇ ਵਿਚ ਸਮਾਨਤਾ, ਸਨਮਾਨ, ਸਵੈਮਾਨ, ਹਿੰਮਤ ਤੇ ਨਿਮਰਤਾ ਪ੍ਰਗਟ ਹੁੰਦੇ ਹਨ।

ਦਸਤਾਰ ਨਿਵੇਕਲੀ ਸਿੱਖ ਪਹਿਚਾਣ ਦਾ ਜ਼ਰੂਰੀ ਹਿੱਸਾ ਹੈ। ਜਿਹੜਾ ਸਿੱਖ ਗੁਰੂ ਗੋਬਿਦ ਸਿੰਘ ਜੀ ਨਾਲ ਇਕਜੋਤ ਹੋਣਾ ਚਾਹੁੰਦਾ ਹੈ ਉਹ ਦਸਤਾਰੀ ਹੋਣਾ ਚਾਹੀਦਾ ਹੈ । ਆਪਜੀ ਦਾ ਫ਼ੁਰਮਾਨ ਹੈ:-

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੇ ਹਉ ਕਰਹੁ ਨਿਵਾਸ ।

ਰਹਿਤਨਾਮੇ ਵਿਚ ਵੀ ਦਸਤਾਰ ਰੋਜ਼ਾਨਾ ਸਜਾਉਣ ਦੀ ਹਿਦਾਇਤ ਹੈ:-

ਕੰਘਾ ਦੋਨੋ ਵਖਤ ਕਰ ਪਾਗ ਚੁਨੇ ਸਿਰ ਬਾਂਧਈ।

ਸਿੱਖ ਕੌਮ ਦਾ ਦਸਤਾਰ ਸਜਾਉਣ ਪ੍ਰਤੀ ਦ੍ਰਿੜ ਵਿਸ਼ਵਾਸ ਹੈ ਅਤੇ ਵਚਨਬੱਧਤਾ ਹੈ। ਦੂਜੀ ਸੰਸਾਰ ਜੰਗ ਵੇਲੇ ਅੰਗ੍ਰੇਜ਼ਾਂ ਵੱਲੋਂ ਲੜ ਰਹੇ ਸਿੱਖ ਸੈਨਕਾਂ ਨੂੰ ਲੋਹੇ ਦੇ ਟੋਪ ਪਾਉਣ ਦੇ ਆਦੇਸ਼ ਦਿੱਤੇ ਗਏ ਕਿਉਂਕਿ ਉਨ੍ਹਾਂ ਤੋਂ ਬਿਨਾ ਵਧੇਰੇ ਜਾਨੀ ਨੁਕਸਾਨ ਹੋਣ ਦਾ ਡਰ ਸੀ ।

ਇਤਨੇ ਜਾਨੀ ਨੁਕਸਾਨ ਨਾਲ ਸਰਕਾਰ ਇਨ੍ਹਾਂ ਦੀ ਪੈਨਸ਼ਨ ਦਾ ਬੋਝ ਨਹੀ ਸੀ ਝੱਲ਼ ਸਕਦੀ। ਪਰ ਸਿੱਖ ਸੈਨਕਾਂ ਨੇ ਦਸਤਾਰ ਹਟਾ ਕੇ ਲੋਹ-ਟੋਪ ਪਾਉਣ ਤੋਂ ਇਨਕਾਰ ਕਰਦਿਆ ਸਰਕਾਰ ਨੂੰ ਵਿਸ਼ਵਾਸ ਦਿਵਾਇਆ ਕਿ ਸਿਰ ਵਿਚ ਗੋਲੀ ਲੱਗਣ ਕਾਰਨ ਹੋਣ ਵਾਲੀ ਮੌਤ ਦੇ ਫ਼ਲਸਰੂਪ ਉਹ ਕੋਈ ਪੈਨਸ਼ਨ ਨਹੀ ਲੈਣਗੇ। ਉਨ੍ਹਾ ਬਿਨਾ ਲੋਹ-ਟੋਪ ਯੁੱਧ ਲੜੇ।

ਸਿੱਖ ਧਰਮ ਵਿਚ ਪਗੜੀ ਦੇ ਰੰਗ, ਆਕਾਰ ਜਾਂ ਸਰੂਪ ਬਾਰੇ ਕੋਈ ਧਾਰਮਕ ਪਾਬੰਦੀ ਨਹੀ ਹੈ।ਨਿਹੰਗ ਸਿੰਘ ਵਿਸ਼ੇਸ਼ ਨੀਲੀਆਂ ਵਡੀਆ ਦਸਤਾਰਾਂ ਖੰਡੇ ਤੇ ਚੱਕਰਾਂ ਸਹਿਤ ਸਜਾਉਂਦੇ ਹਨ। ਨਾਮਧਾਰੀ ਸਿੰਘ ਗੋਲਾਕਾਰ ਚਿੱਟੀਆਂ ਦਸਤਾਰਾਂ ਬੰਨਦੇ ਹਨ। ਪਟਿਆਲਾ-ਸ਼ਾਹੀ ਵੱਡ-ਆਕਾਰੀ, ਫ਼ਿਫ਼ਟੀਦਾਰ ਪਗੜੀਆਂ ਆਮ ਸਿੱਖਾਂ ਵਿਚ ਪ੍ਰਚਲੱਤ ਹਨ। ਫ਼ੌਜੀਆਂ ਦੀਆਂ ਪੇਚਦਾਰ ਦਸਤਾਰਾਂ ਆਪਣੀ ਵੱਖਰੀ ਦਿਖ ਤੇ ਪਹਿਚਾਣ ਰਖਦੀਆਂ ਹਨ।

ਸਿੱਖ ਜਗਤ ਵਿਚ ਦਸਤਾਰ ਇਕ ਵਕਾਰੀ ਮਸਲਾ ਬਣ ਚੁਕਿਆ ਹੈ। ਕਈ ਮੁਲਕਾਂ ਵਿਚ ਵਸਦੇ ਸਿੱਖਾਂ ਨੂੰ ਇਸ ਲਈ ਕਾਫ਼ੀ ਸੰਘਰਸ਼ ਕਰਨਾ ਪਿਆ ਹੈ। ਕਈ ਦੇਸਾਂ ਵਿਚ ਸਰਕਾਰੀ ਜਾਂ ਗੈਰ ਸਰਕਾਰ ਨੌਕਰੀਆਂ ਵਿਚ ਦਸਤਾਰ ਧਾਰਨ ਕਰਨ ਦੀ ਆਗਿਆ ਮਿਲ ਚੁਕੀ ਹੇ। ਦੋਪਹੀਆ ਵਾਹਨਾ ਨੂੰ ਚਲਾਉਣ ਵੇਲੇ ਵੀ ਕ੍ਰੈਸ਼ ਹੈਲਮਟ ਪਹਿਨਣ ਦੀ ਥਾਂ ਹੁਣ ਦਸਤਾਰ ਧਾਰਨ ਦੀ ਛੋਟ ਹੈ ।

ਪਰੰਤੂ ਇਹ ਚਿਤਾਜਨਕ ਸਥਿਤੀ ਹੈ ਕਿ ਆਸ ਪਾਸ ਦੇ ਪ੍ਰਭਾਵ ਅਤੇ ਅਤੇ ਬੰਨਣ ਦੀ ਖੇਚਲ ਤੋਂ ਛੁਟਕਾਰਾ ਪਾਉਣ ਲਈ ਹੁਣ ਸਿੱਖ ਨੌਜਵਾਨ ਕੇਸ ਕਟਾਕੇ ਟੋਪੀਆ ਪਾਉਣ ਲਗ ਪਏ ਹਨ। ਮਾਪਿਆ ਦਾ ਫ਼ਰਜ਼ ਬਣਦਾਹੈ ਹੈ ਕਿ ਜਵਾਨ ਹੋ ਰਹੇ ਆਪਣੇ ਬੱਚਿਆਂ ਨੂੰ ਦਸਤਾਰ ਬੰਨਣੀ ਤੇ ਸੰਭਾਲਣੀ ਸਿਖਾਉਣ। ਕਈ ਸਿੱਖ ਸੰਸਥਾਵਾਂ ਅਜਿਹਾ ਉਦਮ ਕਰ ਰਹੀਆਂ ਹਨ। ਮਾਪਿਆਂ ਨੂੰ ਉਨ੍ਹਾਂ ਦੀ ਸਹਾਇਤਾ ਲੈਣੀ ਚਾਹੀਦੀ ਹੈ ।

# Seva (Part-1) : Guru Arjan Sahib

Dr. Sardar Kala Singh, Vancouver ( Canada)
*kala.singh18@gmail.com*



Sikhs have a tradition of voluntary service (*Seva*). A *Sevadar* is one who performs *Seva* through philanthropic, voluntary, selfless service. True *Seva* according to *Gurmat* must be without desire (*Nishkam*), in humility (*Nimrta*), with purity of intention (*Shudh Hirda*), with sincerity (*Chit Laye*) and in utter selflessness (*Vichon Aap Gavaye*).

**ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ AGGS 229**

Selfless service (*Seva*) according to the teachings of the Guru (*Gurmukh*) is the support of spiritual life as the breath for physical life.

**ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥ AGGS 233**

Subduing their selfishness and performing service, they remain spiritually dead while yet spiritually alive. Such *Seva* is the doorway to *Jivan Mukti.*

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ AGGS 286**

One who performs *seva* without thought of reward, merges with Godly Virtues.

**ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**
**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥**
**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥ AGGS 918**

Come, Beloved Saints, talk about Virtues of the indescribable God and discuss how to get them. Surrender your ego of body, mind, wealth, and everything to the Guru, and obey the Order of God's Will (*Hukam*). Says Nanak, this is how we can talk and get Virtues of the indescribable God.

ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥ ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥੧॥ **AGGS 106**

O my God and Master I got this mind, body and all wealth from You and they are all Yours. I am not egoistic about my body and riches because they are given and belong to You, the God.

**ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥ AGGS 50**
**ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥**

O my mind ! Perform service of the True Guru (Listen to Guru's teachings).W hat we see (Body and Riches), are not forever and shall pass away. Abandon the will of your mind, and instead listen to the spiritual teachings of the Guru.

**ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ ॥AGGS 444**

God's devotee is one who commits himself to Guru's service and dedicates his mind (Ego) and body as an offering to the God. Guru's *Seva* is contemplating on spiritual teachings of the Guru without ego in mind.

**What we get from *Seva*:**

**ਗੁਰ ਸੇਵਾ ਤੇ ਸਦਾ ਸੁਖੁ ਪਾਇਆ॥ ਹਉਮੈ ਮੇਰਾ ਠਾਕਿ ਰਹਾਇਆ॥ ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥ AGGS 110**

Serving the Guru, I have found eternal peace by silencing and subduing ego.

Through the Guru's teachings, the darkness of ignorance has been dispelled and doors of sense organs opened to those teachings.

**ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ AGGS 27**

It is very difficult to serve the True Guru because it needs surrendering ego. Contemplating teachings of the Guru (*Shabd*), we get Godly Virtues and bliss..

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ AGGS 474**

When we serve the Guru by eliminating ego, we get get honoured everywhere.

**ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ ॥੫॥ AGGS 428**

When we consult the Guru about *Seva*, Godly Virtues (*Sach*) abides in the mind.

**ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥ AGGS 223**

*Seva* of the Guru is contemplating the spiritual teachings of the Guru, which kills ego. This is the noblest action.

ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥ AGGS 423

By Guru's *Seva* one comes to know Virtues of the God who abides in the cosmos.

ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥ ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥ AGGS 1343

By Guru's *Seva* with conscious mind, one kills ego, which is *Jap, Tap, Sanjam*. One is liberated from worldly temptations and lives a truthful and peaceful way of life.

**What are we are doing**

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ AGGS 229
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥

Those serving worldly temptations (*Maya*), the maid of God, don't notice Virtues of God. It is like churning water in a pond for butter rather churning yoghurt (*Dahi*).

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥
ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ ॥
ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ ॥ AGGS 306

ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥੨॥

If the master is poor, how can he be well-fed? If there is something in his master's house, he can get it; but not otherwise. Serving *Maya* is useless as one is never satisfied and always asking for more. By Guru's *Seva*, one is contented for ever.

ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ ॥੩॥ AGGS741

To get peace, pleasure and poise of mind, every moment contemplate the teachings (*Seva*) of the Guru.

**Note :**

The Second Part of this Article by Dr Kala Singh will appear in the next issue of Sanjhi Virasat.

## ਗੁਰੁ ਪਰਮੇਸਰੁ ਏਕੋ ਜਾਣੁ

ਸਰਦਾਰਨੀ ਕਿਰਪਾਲ ਕੌਰ, ਨਿਆਗਰਾ ਫਾਲਜ਼ (ਕੈਨੇਡਾ)

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥(ਪੰਨਾ ੧੩੭੩)



ਇਸ ਤੁਕ ਨੂੰ ਪੜ੍ਹ ਕੇ ਖਿਆਲ ਆਉਂਦਾ ਹੈ ਕਿ ਇੱਕ ਗੁਰੂ ਹੈ ਜੋ ਸਾਡੇ ਤੋਂ ਨਾਮੁ ਜਪਾਉਂਦਾ ਹੈ ਅਤੇ ਦੂਜਾ ਰਾਮ (ਪਰਮਾਤਮਾ) ਜਿਸ ਤੋਂ ਸਾਨੂੰ ਮੁਕਤੀ ਮਿਲਦੀ ਹੈ । ਅਸੀਂ ਬਾਣੀ ਨੂੰ ਪੜ੍ਹ ਸੁਣ ਕੇ ਸਿਰਫ ਉਸਦੇ ਅੱਖਰੀ ਅਰਥ ਕਰ ਲੈਂਦੇ ਹਾਂ ਪਰ ਉਸਦੇ ਭਾਵ ਅਰਥਾਂ ਦੀ ਸਾਨੂੰ ਸੋਝੀ ਨਹੀਂ ਹੁੰਦੀ। ਇਸੇ ਕਰਕੇ ਸਾਡੇ ਵਿਚੋਂ 90% ਉਹ ਲੋਕ ਹਨ ਜਿਹੜੇ ਦੇਹਧਾਰੀ ਗੁਰੂਆਂ ਕੋਲ ਪਹੁੰਚ ਜਾਂਦੇ ਹਨ। ਕਿਸੇ ਨੇ ਸੰਤ ਵਾਲਾ ਚੋਲਾ ਪਾਇਆ ਹੋਵੇ ਕਿਸੇ ਨੇ ਸਾਧੂ ਵਾਲਾ। ਸਾਡੀ ਸੀਮਤ ਬੁੱਧੀ ਸਮਝ ਨਹੀਂ ਸਕਦੀ ਕਿ ਇਹ ਸੰਤ ਹੈ ਜਾਂ ਅਸੰਤ। ਅਸੀਂ ਉਸਦਾ ਭੇਖ ਦੇਖ ਕੇ ਹੀ ਧੋਖਾ ਖਾ ਜਾਂਦੇ ਹਾਂ। ਉਹ ਸਾਡੇ ਵਰਗੇ ਅਗਿਆਨੀ ਲੋਕਾਂ ਨੂੰ ਲਾਲਚ ਦੇ ਕੇ ਭਰਮ ਜਾਲ ਵਿਚ ਫਸਾ ਕੇ ਆਪਣੀ ਸ਼ੋਭਾ ਕਰਵਾਉਂਦੇ ਹਨ। ਅਜਿਹੇ ਫੋਕਟ ਕਾਂਡਾਂ ਵਿਚ ਉਲਝਾਈ ਰੱਖਦੇ ਹਨ ਜਿਨ੍ਹਾਂ ਕਰ ਕੇ ਪਰਮਾਤਮਾ ਦੀ ਕਦੇ ਵੀ ਸੋਝੀ ਨਹੀਂ ਹੋ ਸਕਦੀ।

ਅਸੀਂ ਗੁਰੂ ਸਾਹਿਬਾਨ ਦੀਆਂ ਫੋਟੋਆਂ ਦੀ ਪੂਜਾ, ਅੱਗੇ ਖੜ੍ਹ ਕੇ ਅਰਦਾਸਾਂ ਹੀ ਕਰਦੇ ਆ ਰਹੇ ਹਾਂ। ਬਾਣੀ ਨੂੰ ਪੜ੍ਹ ਸਮਝ ਕੇ ਹੀ ਪਤਾ ਚੱਲਦਾ ਹੈ ਕਿ ਇਸ ਅੰਦਰ ਗੁਰੂ ਸਾਹਿਬਾਨਾਂ ਤੇ ਭਗਤਾਂ ਨੇ ਕਿਤੇ ਵੀ ਸਾਨੂੰ ਆਪਣੀ ਪੂਜਾ ਕਰਨ ਲਈ ਨਹੀਂ ਕਿਹਾ। ਸਿਰਫ ਇੱਕ ਪਰਮਾਤਮਾ ਇੱਕ ਓਅੰਕਾਰ ਦਾ ਨਾਮ ਸਿਮਰਨ ਲਈ ਪ੍ਰੇਰਿਆ ਹੈ ਤੇ ਜੀਵਨ ਨੂੰ ਜਿਊਣ ਦੀ ਜਾਚ ਸਿਖਾਈ ਹੈ।

ਅਸੀਂ ਗੁਰਦੁਆਰੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੇ ਹਾਂ, ਪਰਕਰਮਾ ਕਰਦੇ ਹਾਂ, ਪਰ ਗੁਰੂ ਕੀ ਬਾਣੀ ਸਾਨੂੰ ਕੀ ਸਮਝਾ ਰਹੀ ਹੈ, ਉੱਥੇ ਤੱਕ ਪਹੁੰਚ ਕਰਨੀ ਬਹੁਤ ਦੂਰ ਦੀ ਗੱਲ ਰਹਿ ਜਾਂਦੀ ਹੈ।

ਅਸੀਂ ਸ਼ਬਦ ਦੀ ਵਿਚਾਰ ਨੂੰ ਅੱਖੋਂ ਪਰੋਖੇ ਕਰ ਕੇ ਮੂਰਤੀ ਪੂਜਾ ਹੀ ਕਰੀ ਜਾ ਰਹੇ ਹਾਂ, ਜਦਕਿ ਗੁਰੂਆਂ ਦੀਆਂ ਫੋਟੋਆਂ ਅਸਲੀ ਨਹੀਂ ਸਿਰਫ ਕਲਪਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭੱਟਾਂ ਨੇ ਗੁਰੂ ਸਾਹਿਬਾਨਾਂ ਦੀ ਉਸਤਤ ਉਚਾਰੀ ਹੈ। ਉਸ ਵਕਤ ਗੁਰੂ ਸਾਹਿਬ ਸਰੀਰਕ ਰੂਪ ਵਿਚ ਬਿਰਾਜਮਾਨ ਸਨ, ਪਰ ਭੱਟਾਂ ਨੂੰ ਗੁਰੂਆਂ ਅੰਦਰ ਸਾਖਸ਼ਾਤ ਪਰਮਾਤਮਾ ਦਾ ਰੂਪ ਹੀ ਦਿਸਿਆ।

* ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥

ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (ਪੰਨਾ ੧੩੯੫)

* ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥

ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ॥(ਪੰਨਾ ੧੪੦੬)

* ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥

ਜਪਉ ਜਿਨ ਅਰਜਨੁ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ (ਪੰਨਾ ੧੪੦੯)

ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਗੁਰੂ ਸਾਹਿਬਾਨ ਦੀ ਰਚੀ ਬਾਣੀ ਵਿਚ ਗੁਰ-ਪਰਮੇਸ਼ਰ ਨੂੰ ਇੱਕ ਕਰਕੇ ਹੀ ਸਮਝਾਇਆ ਗਿਆ ਹੈ। ਜਿਵੇਂ

* ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥

ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥(ਪੰਨਾ ੫੩)

* ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥

ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥ (ਪੰਨਾ ੮੬੪)

* ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥

ਗੁਰੁ ਗੋਪਾਲੁ ਪੁਰਖੁ ਭਗਵਾਨੁ॥

ਗੁਰ ਕੀ ਸਰਣਿ ਰਹਉ ਕਰ ਜੋਰਿ॥

ਗੁਰੂ ਬਿਨਾ ਮੈ ਨਾਹੀ ਹੋਰੁ॥(ਪੰਨਾ ੮੬੪)

* ਜਨਮਿ ਨ ਮਰੈ ਨ ਆਵੈ ਨ ਜਾਇ॥

ਹਰਿ ਸੇਤੀ ਓਹੁ ਰਹੈ ਸਮਾਇ॥(ਪੰਨਾ ੩੭੦)

ਭਾਈ ਗੁਰਦਾਸ ਜੀ ਲਿਖਦੇ ਹਨ –

* ਗੁਰ ਪਰਮੇਸਰੁ ਇਕੁ ਜਾਣਿ ਗੁਰਮੁਖਿ ਦੂਜਾ ਭਾਉ ਮਿਟਾਇਆ॥

ਹਉਮੈ ਪਾਲਿ ਢਹਾਇਕੈ ਤਾਲ ਨਦੀ ਦਾ ਨੀਰੁ ਮਿਲਾਇਆ॥

ਨਦੀ ਕਿਨਾਰੈ ਦੁਹ ਵਲੀ ਇਕਦੂ ਪਾਰਾਵਾਰੁ ਨ ਪਾਇਆ ॥

ਰੁਖਹੁ ਫਲੁ ਤੈ ਫਲਹੁ ਰੁਖੁ ਇਕੁ ਨਾਉ ਫਲੁ ਰੁਖ ਸਦਾਇਆ॥(ਵਾਰ ੨੯ ਪਉੜੀ ੧੪)

ਉਹ ਗੁਰੂ ਕਿਵੇਂ ਦਾ ਹੋਣਾ ਚਾਹੀਦਾ ਹੈ, ਜਿਸ ਦੀ ਅਵਸਥਾ ਪਰਮਾਤਮਾ ਦੇ ਬਰਾਬਰ ਹੋਵੇ। ਉਹ ਦੇਹ-ਧਾਰੀ ਤਾਂ ਨਹੀਂ ਹੋ ਸਕਦਾ, ਕਿਉਂਕਿ-

* ਨਾ ਓਹੁ ਮਰੈ ਨ ਆਵੈ ਜਾਇ ॥

ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ॥)

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ –

* ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥

ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥(ਪੰਨਾ ੫, ਜਪੁ )

ਪਰਮਾਤਮਾ ਵੱਡਾ ਸਾਹਿਬ ਹੈ। ਉਹਦੀ ਅਵਸਥਾ ਸਭ ਤੋਂ ਉੱਚੀ ਹੈ। ਉਹਦਾ ਨਾਮ ਵੀ ਸਭ ਤੋਂ ਉੱਚਾ ਹੈ। ਜੇ ਕੋਈ ਉਸ ਦੇ ਬਰਾਬਰ ਦਾ ਹੋਏਗਾ, ਉਹੋ ਹੀ ਉਸਨੂੰ ਜਾਣ ਸਕੇਗਾ। ਅਜਿਹਾ ਸਮਰੱਥ ਗੁਰੂ ਕੌਣ ਹੋ ਸਕਦਾ ਹੈ ? ਜੋ ਸਾਨੂੰ ਸੰਸਾਰੀਆਂ ਨੂੰ ਵੀ ਪ੍ਰਮਾਤਮਾ ਵਿਚ ਅਭੇਦ ਕਰਨ ਦੀ ਸਮਰੱਥਾ ਰੱਖਦਾ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੱਕ ਕਾਗਜ਼ ਹੈ ਤੇ ਦੂਜੀ ਸਿਆਹੀ ਹੈ, ਲੇਕਿਨ ਇਹ ਬਾਣੀ ਦਾ ਰੂਪ ਬਣੇ ਹੋਏ ਹਨ। ਸਾਰੀ ਬਾਣੀ ਅੱਖਰਾਂ ਵਿੱਚ ਸਾਕਾਰ ਹੋਈ ਹੋਈ ਹੈ।-

* ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥(ਪੰਨਾ ੯੮੨)

ਇਹ ਧੁਰ ਕੀ ਬਾਣੀ ਪਰਮਾਤਮਾ ਨੇ ਗੁਰੂ ਸਾਹਿਬਾਨਾਂ ਤੇ ਭਗਤਾਂ ਦੇ ਮੁਖਾਰਬਿੰਦ ਤੋਂ ਕਢਵਾਈ ਜੋ ਅੱਜ ਸਮੁੱਚੇ ਸੰਸਾਰ ਲਈ ਇਹ ਸ਼ਬਦ-ਗੁਰੂ ਦੇ ਰੂਪ ਵਿੱਚ ਚਾਨਣ ਮੁਨਾਰਾ ਹੈ। ਅਸੀਂ ਇਸਦੀ ਪੂਜਾ ਨਹੀਂ, ਵਿਚਾਰ ਕਰ ਕੇ, ਜ਼ਿੰਦਗੀ ਵਿਚ ਲਾਗੂ ਕਰਨੀ ਹੈ। ਪਿਓ ਦਾਦੇ ਦੇ ਇਸ ਖਜ਼ਾਨੇ ਨੂੰ ਸ਼ਰਧਾ ਭਾਵਨਾ ਨਾਲ ਸੰਭਾਲ ਕੇ ਰੱਖਣਾ ਹੈ।ਕਿਉਂਕਿ ਇਹ ਸ਼ਬਦ-ਗੁਰੂ ਹੈ, ਦੇਹ ਨਹੀਂ ਜਿਸਨੂੰ ਠੰਢ ਜਾਂ ਗਰਮੀ ਪੋਹ ਸਕੇ।

* ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥(ਪੰਨਾ ੩੦੮)

ਐਸੀ ਉੱਚੀ ਅਵਸਥਾ ਵਾਲਾ ਸਾਡਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ (ਸ਼ਬਦ-ਗੁਰੂ) ਹੈ। ਪਰਮਾਤਮਾ ਵੀ ਸ਼ਬਦ ਰੂਪ ਹੈ ਤੇ ਗੁਰੂ ਵੀ ਸ਼ਬਦ ਰੂਪ ਹੈ, ਤੇ ਇਸਦਾ ਗਿਆਨ ਹੀ ਗੁਰੂ ਹੈ। ਇਹ ਉਹ ਚਾਨਣ ਮੁਨਾਰਾ ਹੈ ਜੋ ਜੇ ਉਹ ਕਿਸੇ ਦੇ ਹਿਰਦੇ ਘਰ ਵਿਚ ਪ੍ਰਵੇਸ਼ ਕਰ ਜਾਏ ਤਾਂ ਉਸਦੇ ਅੰਦਰੋਂ ਸੰਸਾਰੀ ਕੂੜ ਦੀਆਂ ਕੰਧਾਂ ਢਹਿ ਕੇ ਉਹ ਆਤਮਾ ਪਰਮ-ਆਤਮਾ ਵਿਚ ਅਭੇਦ ਹੋ ਜਾਂਦੀ ਹੈ।

* ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥

ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥

ਐਸਾ ਗਿਆਨੁ ਬੀਚਾਰੈ ਕੋਈ॥ ਤਿਸ ਤੇ ਮੁਕਤਿ ਪਰਮ ਗਤਿ ਹੋਈ॥ਰਹਾਉ॥

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ॥

ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ॥

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ॥

ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ॥(ਪੰਨਾ ੮੭੯)

ਸੰਸਾਰ ਵਿਚ ਇੱਕ ਦੀ ਹੀ ਖੇਡ ਵਰਤ ਰਹੀ ਹੈ। ਜਿਵੇਂ ਨਦੀ ਜਦ ਆਪਾ ਮਿਟਾ ਕੇ ਸਮੁੰਦਰ ਵਿਚ ਜਾ ਪੈਂਦੀ ਹੈ ਤਾਂ ਉਸਦਾ ਪਾਣੀ ਵੱਖ ਨਹੀਂ ਰਹਿ ਜਾਂਦਾ, ਉਹ ਸਮੁੰਦਰ ਹੀ ਹੋ ਜਾਂਦੀ ਹੈ। ਇਸੇ ਤਰਾਂ ਜੋ ਪ੍ਰਾਣੀ ਆਪਾ ਮਿਟਾ ਕੇ ਪਰਮੇਸਰ ਵਿਚ ਲੀਨ ਹੋ ਜਾਂਦਾ ਹੈ, ਉਹ ਉਸੇ ਦਾ ਰੂਪ ਹੋ ਜਾਂਦਾ ਹੈ। ਇੱਥੇ ਪਰਮੇਸ਼ਰ ਤੋਂ ਬਿਨਾਂ ਦੂਜਾ ਕੁਝ ਵੀ ਨਹੀਂ ।

* ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥ਰਹਾਉ॥

ਗੁਰ ਚਰਣੀ ਜਾ ਕਾ ਮਨੁ ਲਾਗੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥(ਪੰਨਾ ੮੬੪)


ਈ-ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਪੰਜਵੇਂ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ ਅਤੇ ਤੀਜੇ ਘੱਲੂਘਾਰੇ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 14 ਜੂਨ
ਸ਼ਨੀਵਾਰ
9 AM ਕੈਲਗਰੀ
ਸਮਾਂ:
8:30 PM ਇੰਡੀਆ
8:00 AM ਸਿਆਟਲ USA
11:00 AM ਟੋਰੰਟੋ
ਪਹੁੰਚ ਰਹੇ ਕਵੀ ਸਹਿਬਾਨ
ਪਰਮਜੀਤ ਸਿੰਘ
ਟੋਰੰਟੋ
ਹਰਵਿੰਦਰ ਸਿੰਘ ਵੀਰ
ਜਲੰਧਰ
ਜੋਰਾਵਰ ਸਿੰਘ ਪੰਛੀ
ਲੁਧਿਆਣਾ
ਸੁਖਮੰਦਰ ਸਿੰਘ ਗਿੱਲ
ਕੈਲਗਰੀ
ਹਰਦਿਆਲ ਸਿੰਘ ਝੀਤਾ
ਟੋਰੰਟੋ
ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
ਅਵਤਾਰ ਸਿੰਘ ਆਦਮਪੁਰੀ
ਸਿਆਟਲ
ਰਾਜਬੀਰ ਕੌਰ ਬੀਰ ਗਰੇਵਾਲ
ਸ਼੍ਰੀ ਅਮ੍ਰਿਤਸਰ
ਰਿਤੂ ਵਾਸੂਦੇਵ
ਤਰਨਤਾਰਨ ਸਾਹਿਬ
ਭੋਲਾ ਸਿੰਘ ਚੋਹਾਨ
ਕੈਲਗਰੀ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ

## ਈ ਦੀਵਾਨ ਸੋਸਾਇਟੀ, ਕੈਲਗਰੀ, ਵੱਲੋਂ 14 ਜੂਨ ਨੂੰ ਅੰਤਰ-ਰਾਸ਼ਟ੍ਰੀ ਕਵੀ ਦਰਬਾਰ

ਗੁਰੂ ਅਰਜਨ ਸਾਹਿਬ ਦੀ ਲਾਸਾਨੀ ਸ਼ਹਾਦਤ ਅਤੇ ਤੀਜੇ ਘੱਲੂਘਾਰੇ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਕਈ ਪੰਥਕ ਕਵੀ ਸ਼ਾਮਲ ਹੋਏ। ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ, ਸੋਸਾਇਟੀ ਦੀ ਕਾਰਗੁਜ਼ਾਰੀ ਤੇ ਚਾਨਣਾ ਪਾਇਆ। ਟੋਰੰਟੋ ਤੋਂ ਅਮਿਤੋਜ਼ ਕੌਰ ਅਤੇ ਅਨੁਰੀਤ ਕੌਰ ਨੇ ਸ਼ਬਦ ਗਾਇਨ ਕਰਕੇ ਸਮਾਗਮ ਸ਼ੁਰੂ ਕੀਤਾ। ਮੰਚ ਸੰਚਾਲਨ ਗੁਰਦੀਸ਼ ਕੌਰ ਗਰੇਵਾਲ ਅਤੇ ਸੁਜਾਨ ਸਿੰਘ ਸੁਜਾਨ ਨੇ ਕਵੀਆਂ ਦੀ ਜਾਣ ਪਛਾਣ ਕਰਵਾ ਕੇ ਕੀਤਾ।

ਆਰੰਭ ਤਰਨਤਾਰਨ ਤੋਂ ਰਿਤੂ ਵਾਸੂਦੇਵ ਨੇ ਪੰਜਵੇਂ ਪਾਤਸ਼ਾਹ ਨੂੰ ਸਮਰਪਿਤ ਆਪਣੀ ਭਾਵਪੂਰਨ ਕਵਿਤਾ 'ਪਹਿਲੀ ਸ਼ਹਾਦਤ' ਸੁਣਾ ਕੇ ਕੀਤਾ। ਲੁਧਿਆਣੇ ਤੋਂ ਗੀਤਕਾਰ ਜ਼ੋਰਾਵਰ ਸਿੰਘ ਪੰਛੀ ਨੇ ਗੀਤ 'ਅਰਜਨ ਸਾਹਿਬ ਗੁਰੂ 'ਤੇ ਚੰਦੂ ਪਾਪੀ ਪਿਆ ਜ਼ੁਲਮ ਕਰੇ' ਨਾਲ ਸਾਂਝ ਪਾਈ। ਟੋਰੰਟੋ ਤੋਂ ਕਵੀ ਹਰਦਿਆਲ ਸਿੰਘ ਝੀਤਾ ਨੇ 'ਪੰਜਵੇਂ ਗੁਰਾਂ ਦਾ ਜਦੋਂ ਧਿਆਨ ਕਰੀਏ' ਕਵਿਤਾ ਸੁਣਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਪਰਮਜੀਤ ਸਿੰਘ ਟੋਰੰਟੋ ਨੇ ਬੇਟੀਆਂ ਪਰਨੀਤ ਕੌਰ ਤੇ ਸਿਮਰਲੀਨ ਕੌਰ ਨਾਲ ਮਿਲ ਕੇ ਗੁਰਦੀਸ਼ ਕੌਰ ਗਰੇਵਾਲ ਦਾ ਗੀਤ 'ਤੱਤੀ ਤਵੀ ਉੱਤੇ ਬੈਠਾ ਅਰਸ਼ਾਂ ਦਾ ਨੂਰ ਏ' ਗਾ ਕੇ ਸੁਣਾਇਆ। ਅੰਮ੍ਰਿਤਸਰ ਤੋਂ ਪੰਥਕ ਕਵਿੱਤਰੀ ਰਾਜਬੀਰ ਕੌਰ ਬੀਰ ਗਰੇਵਾਲ ਨੇ ਕਵਿਤਾ 'ਧੰਨ ਗੁਰੂ ਅਰਜਨ ਦੇਵ ਪਾਤਸ਼ਾਹ' ਸੁਣਾਈ। ਜਲੰਧਰ ਤੋਂ ਸ਼ਾਇਰ ਹਰਵਿੰਦਰ ਸਿੰਘ ਵੀਰ ਨੇ ਆਪਣੀ ਰਚਨਾ 'ਪੰਜਵੇਂ ਗੁਰਾਂ ਦੀ ਕਿਰਪਾ ਸਦਕਾ, ਘਰ ਘਰ ਚੱਲੀ ਪਿਆਰ ਦੀ ਗੱਲ' ਸੁਣਾ ਕੇ ਗੁਰੂ ਸਾਹਿਬ ਨੂੰ ਯਾਦ ਕੀਤਾ।

ਮੁਕਤਸਰ ਤੋਂ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਨੇ ਆਪਣੇ ਗੀਤ 'ਤੱਤੀ ਤਵੀ ਦੇ ਉਤੇ ਸਤਿਗੁਰ, ਮਾਰ ਚੌਂਕੜਾ ਬਹਿ ਗਏ' ਰਾਹੀਂ ਪਾਤਸ਼ਾਹ ਨੂੰ ਸਿਜਦਾ ਕੀਤਾ। ਸਿਆਟਲ ਤੋਂ ਗੀਤਕਾਰ ਅਵਤਾਰ ਸਿੰਘ ਆਦਮਪੁਰੀ ਨੇ ਤੀਜੇ ਘੱਲੂਘਾਰੇ ਨੂੰ ਯਾਦ ਕਰਦਿਆਂ, ਆਪਣੇ ਗੀਤ ਵਿੱਚ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸ਼ਹੀਦ ਹੋਈ ਸੰਗਤ ਨੂੰ ਯਾਦ ਕੀਤਾ। ਕੈਲਗਰੀ ਤੋਂ ਸ਼ਾਇਰ ਸੁਖਮੰਦਰ ਸਿੰਘ ਗਿੱਲ ਨੇ ਸਿੱਖਾਂ ਦੀਆਂ ਸ਼ਹਾਦਤਾਂ ਤੇ ਲਿਖਿਆ ਗੀਤ 'ਸੱਚੇ ਆਸ਼ਕ ਮੁਨਾਫ਼ਾ ਕਦੇ ਤੱਕਦੇ ਨ੍ਹੀਂ ਹੁੰਦੇ' ਸੁਣਾਇਆ। ਗੁਰੂ ਰਾਮਦਾਸ ਦਰਬਾਰ ਕੈਲਗਰੀ ਦੇ ਜਨਰਲ ਸਕੱਤਰ ਭੋਲਾ ਸਿੰਘ ਚੌਹਾਨ ਨੇ ਆਪਣੇ ਗੀਤ 'ਖੰਡਰ ਬਣਾਏ ਤਖ਼ਤ ਨੂੰ ਕਿੱਦਾਂ ਭੁਲਾਵਾਂ' ਨੂੰ ਤਰੰਨੁਮ 'ਚ ਸੁਣਾ ਕੇ ਕਵੀ ਦਰਬਾਰ ਨੂੰ ਸਿਖ਼ਰ ਤੇ ਪੁਚਾ ਦਿੱਤਾ।

ਮੇਜ਼ਬਾਨ ਗੁਰਦੀਸ਼ ਕੌਰ ਗਰੇਵਾਲ ਨੇ ਵੀ ਆਪਣੀ ਰਚਨਾ 'ਮੀਆਂ ਮੀਰ ਜੀ ਵਲੋਂ ਹਾਅ ਦਾ ਨਾਅਰਾ' ਅਤੇ ਸੁਜਾਨ ਸਿੰਘ ਸੁਜਾਨ ਨੇ ਆਪਣੇ ਕੁੱਝ ਸ਼ਿਅਰ ਜਿਵੇਂ 'ਸਿੰਘਾਂ ਸਦਾ ਤੋੜਿਆ ਹੈ, ਮਾਣ ਮਾਣ-ਮੱਤਿਆਂ ਦਾ' ਸੁਣਾਏ। ਕਵੀ ਦਰਬਾਰ ਅਮਿੱਟ ਪੈੜਾਂ ਛੱਡ ਕੇ ਸਮਾਪਤ ਹੋਇਆ। ਸੰਚਾਲਕਾਂ ਵਲੋਂ ਕਵੀਆਂ ਦਾ ਧੰਨਵਾਦ ਕੀਤਾ ਗਿਆ। ਆਨੰਦ ਸਾਹਿਬ, ਅਰਦਾਸ ਅਤੇ ਹੁਕਮਨਾਮੇ ਉਪਰੰਤ ਸਮਾਪਤੀ ਹੋਈ।

(ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ, ਕੈਨੇਡਾ)

## ਕੁਝ ਯਾਦਾਂ '**ਸ਼ੇਰ-ਏ-ਪੰਜਾਬ**' ਦੀਆਂ

ਸਰਦਾਰ ਹਰਪ੍ਰੀਤ ਸਿੰਘ ਜਵੰਦਾ, ਵਿੰਨੀਪੈਗ (ਕੈਨੇਡਾ)

ਸ਼ੇਰ-ਏ-ਪੰਜਾਬ ਦੀ ਤਾਜਪੋਸ਼ੀ ਸਮਾਗਮ 1799 ਵੇਲੇ ਸੰਗਤ ਅੱਗੇ ਬੇਨਤੀ ਕੀਤੀ ਕੋਈ ਐਸੀ ਰੂਹ ਜਿਸਨੇ ਦਸਮ ਪਿਤਾ ਦੇ ਸਾਖਸ਼ਾਤ ਦਰਸ਼ਨ ਕੀਤੇ ਹੋਣ? ਸੌ ਕੁ ਸਾਲ ਦਾ ਇੱਕ ਬਾਬਾ ਜੀ ਉੱਠੇ ਤੇ ਕਿਹਾ - ਜੀ ਮੈਂ ਕੀਤੇ ਨੇ ਪਰ ਦੂਰੋਂ, ਓਦੋਂ ਪੰਜ ਸਾਲ ਦਾ ਸਾਂ, ਅਨੰਦਪੁਰ ਸਾਹਬ ਆਪਣੇ ਬਾਬੇ ਜੀ ਨਾਲ ਗਿਆ ਸਾਂ! ਫੇਰ ਇੱਦਾਂ ਮਹਿਸੂਸ ਹੋਇਆ ਜਿਵੇਂ ਸੌ ਸੂਰਜਾਂ ਦੀ ਰੋਸ਼ਨੀ ਨਾਲ ਮੇਰੀਆਂ ਅੱਖੀਆਂ ਚੁੰਧਿਆ ਗਈਆਂ ਹੋਣ, ਏਨਾ ਨੂਰ, ਏਨਾ ਜਲਾਲ ਸੀ! ਸਰਕਾਰ-ਏ-ਖਾਲਸਾ ਨੇ ਬਾਬੇ ਜੀ ਦੇ ਪੈਰ ਛੂਹੇ ਤੇ ਆਖਿਆ -ਜਿਦਾਂ ਤੁਹਾਨੂੰ ਓਦੋਂ ਮਹਿਸੂਸ ਹੋਇਆ ਸੀ ਅੱਜ ਤੁਹਾਡੇ ਦਰਸ਼ਨ ਕਰਕੇ ਮੈਨੂੰ ਵੀ ਉਂਝ ਹੀ ਲੱਗ ਰਿਹਾ!

ਲਾਹੌਰ ਤੋਂ ਗੱਡੀ ਨਾਰੋਵਾਲ ਵੱਲ ਨੂੰ ਚੱਲ ਪਈ, ਬਦਾਮੀ ਬਾਗ ਤੋਂ ਇੱਕ ਬਾਬਾ ਗੱਡੀ ਚੜਿਆ। ਹੁੱਕਾ ਪਾਸੇ ਲੂਕਾ ਦਿੱਤਾ...ਅਖ਼ੇ ਸਰਦਾਰਾ ਬੜਾ ਚੰਗਾ ਕੀਤਾ. ਆਪਣੇ ਪੁਰਖਿਆਂ ਦੀ ਧਰਤੀ ਤੇ ਆ ਗਿਆ। ਸੱਚ ਪੁੱਛੇਂ ਤੁਹਾਡੇ ਨਾਲ ਹੋਈ ਬੜੀ ਮਾੜੀ, ਨਾ ਘਰ ਦੇ ਰਹੇ ਤੇ ਨਾ ਘਾਟ ਦੇ। ਰਾਵੀ ਦਾ ਪੁਲ, ਕਿੰਨੇ ਸਾਰੇ ਕਿਲੇ ਅਤੇ ਇਮਾਰਤਾਂ, ਪਤਾ ਨਹੀਂ ਕਿਹੜੇ ਵਿਚ ਉਸਦੀ ਫੌਜ ਹੁੰਦੀ ਹੋਵੇਗੀ ਤੇ ਕਿਹੜੇ ਵਿਚ ਪਰਿਵਾਰ। ਅਜੀਬ ਸੋਚਾਂ ਮੇਰੀ ਰੂਹ ਨੁੱਚੜ ਗਈ, ਧੋਖੇ ਫਰੇਬਾਂ ਨਾਲ ਪਿੱਠ ਵਿਚ ਵੱਜੇ ਛੁਰਿਆਂ ਦੀ ਦਾਸਤਾਨ। ਧਿਆਨ ਸਿੰਘ, ਗੁਲਾਬ ਸਿੰਘ, ਹੀਰਾ ਸਿੰਘ, ਲਹਿਣਾ ਸਿੰਘ। ਸਿੱਖ ਬਣਨਾ ਸੌਖਾ ਨਹੀਂ।



1839 ਵਿਚ ਅੱਜ ਦੇ ਦਿਨ ਪੰਜਾਬ ਦਾ ਸੂਰਜ ਅਸਤ ਹੋ ਗਿਆ, ਸਦਾ ਲਈ। ਦਸ ਸਾਲਾਂ ਬਾਅਦ ਖਾਲਸਾ ਫੌਜ ਦੇ ਆਖਰੀ ਜਥੇ ਨੇ ਹਥਿਆਰ ਸੁੱਟੇ ਤਾਂ ਧਾਹਾਂ ਨਿੱਕਲ ਗਈਆਂ। ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਰੀਆਂ ਨੇ। ਲਾਡਲੀ ਰਾਣੀ ਦੇ ਵਸਤਰ ਲੁਹਾ ਤਲਾਸ਼ੀ ਲਈ, ਬੇਇੱਜਤ ਕੀਤਾ, ਬਾਲ ਦਲੀਪ ਸਿੰਘ ਨੂੰ ਖੋਹ ਲਿਆ ਗਿਆ! ਇੱਕ ਵੇਰਾਂ ਸਾਡੀ ਵਲੈਤੀ ਗਾਈਂ ਦਾ ਵੱਛਾ ਪਿੰਡ ਘੱਲ ਦਿੱਤਾ। ਕਿੱਲਾ ਤੁੜਾ ਕੇ ਪੰਜ ਮੀਲ ਮਗਰ ਭੱਜੀ ਗਈ। ਜਾਨਵਰ ਸੀ ਪਰ ਹੈ ਤਾਂ ਮਾਂ ਦੇ ਜਜਬਾਤ! ਹਸ਼ਮਤ ਖ਼ਾਨ ਚੱਠਾ, ਪਿਤਾ ਮਹਾ ਸਿੰਘ ਦਾ ਵੈਰੀ, ਦੇ 11 ਸਾਲਾ ਰਣਜੀਤ ਸਿੰਘ ਨਾਲ ਸ਼ਿਕਾਰ ਵੇਲੇ ਟਾਕਰਾ ਹੋ ਗਿਆ। ਸੋਚਿਆ ਬੱਚਾ ਕਿਸੇ ਕੀਮਤ ਤੇ ਨਹੀਂ ਛੱਡਣਾ, ਪਰ ਚੜ੍ਹਤ ਸਿੰਘ ਦੇ ਪੋਤਰੇ ਨੇ ਇੱਕੋ ਵਾਰ ਨਾਲ ਖ਼ਾਨ ਦਾ ਸਿਰ ਵੱਢ ਲਿਆ।

ਚਾਲੀ ਸਾਲ ਰਾਜ, ਨਾ ਕੋਈ ਦੰਗਾ, ਨਾ ਫਾਸੀ, ਨਾ ਵਿਦਰੋਹ ਤੇ ਨਾ ਹੀ ਸਰਕਾਰੀ ਭੰਡਾਰੇ ਹੀ ਊਣੇ ਹੋਏ। ਕਮਾਲ ਦੀ ਸਿਖਿਆ ਪ੍ਰਣਾਲੀ, ਅਲਾਰ੍ਡ ਅਤੇ ਵੇਂਤੂਰੇ ਵਰਗੇ ਨੇਪੋਲੀਅਨ ਦੀ ਫੌਜ ਦੇ ਜਰਨੈਲਾਂ ਨੂੰ ਨੌਕਰੀ ਤੇ ਤਾਂ ਰਖਿਆ ਜੇ ਖਾਲਸਾ ਫੌਜ ਵਰਗੇ ਲੱਗੇ! ਇੱਕ ਵੇਰ ਮਰਾਸੀ ਨੇ ਕਾਣਾ ਆਖ ਦਿੱਤਾ, ਸਜਾ ਨਹੀਂ ਸਗੋਂ ਇਨਾਮ ਦਿੱਤਾ। ਆਮ ਲੋਕਾਂ ਵਾਂਙ ਵਿੱਚਰਦਾ ਪਰ ਜਦੋਂ ਘੋੜੇ ਤੇ ਚੜ੍ਹਦਾ ਤਾਂ ਜਾਹੋ ਜਲਾਲ ਵੇਖਣ ਵਾਲਾ ਹੁੰਦਾ।

ਵਿਦੇਸ਼ ਮੰਤਰੀ ਫਕੀਰ ਅਜੀਜ-ਉੱਦ-ਦੀਨ ਨੂੰ ਕਿਸੇ ਪੁੱਛਿਆ ਤੇਰੇ ਮਹਾਰਾਜੇ ਦੀ ਕਿਹੜੀ ਅੱਖ ਹੈਨੀ? ਆਖਣ ਲੱਗਾ ਮੈਂ ਕਿਹੜਾ ਕਦੇ ਉਸਦੀ ਅੱਖ ਵਿਚ ਅੱਖ ਪਾ ਕੇ ਗੱਲ ਕੀਤੀ! ਅਬਦਾਲੀ ਕੋਲੋਂ ਖੋਹੀ ਭੰਗੀਆਂ ਵਾਲੀ ਤੋਪ ਅੱਜ ਵੀ ਲਾਹੌਰ ਦੇ ਇੱਕ ਚੋਂਕ ਵਿਚ ਰੱਖੀ ਹੈ, ਮੁਲਤਾਨ ਦੀ ਜੰਗ ਵਿਚ ਪਹੀਆ ਟੁੱਟ ਗਿਆ। ਤੋਪਚੀ ਆਖੇ ਹਰੇਕ ਗੋਲੇ ਤੇ ਇੱਕ ਇਨਸਾਨੀ ਮੋਢਾ ਦੇਣਾ ਪੈਣਾ, ਮੌਤ ਪੱਕੀ ਏ। ਹਫੜਾ ਦਫੜੀ ਮੱਚ ਗਈ। ਟੋਹ ਲੈਂਦਾ ਇੱਕ ਪਠਾਣ ਸੂਹੀਆ ਸੋਚਣ ਲੱਗਾ ਖਾਲਸਾ ਫੌਜ ਸ਼ਾਇਦ ਡਰ ਗਈ ਏ। ਪਰ ਸਭ ਤੋਂ ਪਹਿਲੋਂ ਮੋਢਾ ਦੇਣ ਵਾਲਿਆਂ ਵਿਚ ਵਿੱਲਖਣ ਸੰਘਰਸ਼ ਸ਼ੁਰੂ ਹੋ ਗਿਆ। ਇੱਕ ਰੋਹਬਦਾਰ ਜਥੇਦਾਰ ਅੱਗੇ ਆਇਆ...ਅਖੇ ਪਾਸੇ ਹਟ ਜਾਵੋ ਪਹਿਲਾ ਮੋਢਾ ਤੁਹਾਡਾ ਜਥੇਦਾਰ ਦੇਊ। ਸੂਹੀਏ ਨੂੰ ਇੱਕ ਵੇਰ ਤੇ ਏਨਾ ਬੀਰ ਰਸ ਆਇਆ ਕੇ ਜੀ ਕੀਤਾ ਅਗਲਾ ਮੋਢਾ ਮੈਂ ਖੁਦ ਦੇ ਕੇ ਤੂੰਬਾ ਤੂੰਬਾ ਹੋ ਜਾਵਾਂ ਪਰ ਫੇਰ ਸੋਚ ਆਈ ਇਹ ਬਿਰਤਾਂਤ ਲਿਖਣੋਂ ਬਗੈਰ ਰਹਿ ਜਾਣਾ।

ਦਲੀਪ ਸਿੰਘ ਨੂੰ 1863 ਵਿਚ ਕੱਲਕੱਤੇ ਮਾਂ ਰਾਣੀ ਜਿੰਦਾ ਮਿਲੀ। ਟੋਹਿਆ ਤਾਂ ਧਾਹ ਨਿਕਲ ਗਈ। ਸਿਰ ਦਾ ਸਾਈਂ ਰਣਜੀਤ ਸਿੰਘ ਅੱਜ ਮੋਇਆ। ਪੁੱਤ ਨੂੰ ਕੋਹੇਨੂੰਰ ਬਾਰੇ ਦੱਸਿਆ। ਵਿਰਾਸਤ, ਸ਼ਾਨੋਂ-ਸ਼ੋਕਤ ਸਰਕਾਰ-ਏ-ਖਾਲਸਾ ਅਤੇ ਦਰਬਾਰ-ਏ-ਖਾਲਸਾ ਸਿੱਖ ਰਾਜ ਸਿੱਖ ਫੌਜ ਦੇ ਜਜਬੇ ਤੇ ਚੜ੍ਹਤ ਬਾਰੇ ਚੋਭਾਂ ਲਾਈਆਂ, ਜਮੀਰ ਨੂੰ ਟੁੰਭਿਆ, ਪਰ ਉਸ ਵੇਲੇ ਤੱਕ ਅੰਗਰੇਜੀ ਰੰਗ ਵਿਚ ਰੰਗਿਆ ਗਿਆ ਸੀ, ਕੋਈ ਖਾਸ ਅਸਰ ਨਾ ਹੋਇਆ। ਫੇਰ ਸੰਨ ਚੌਂਠ ਵਿਚ ਜਦੋਂ ਮੁੱਕ ਗਈ ਤਾਂ ਅੱਖੀਆਂ ਖੁਲੀਆਂ, ਪਰ ਵੇਲੇ ਦੀ ਨਮਾਜ ਕੁਵੇਲੇ ਦੀਆਂ ਟੱਕਰਾਂ। ਉੱਜੜ ਗਿਆਂ ਦਾ ਦੇਸ਼ ਨਾ ਕੋਈ ਮਰਿਆਂ ਦੀ ਨਾ ਥਾਂ... ਨਾ ਵੇ ਰੱਬਾ ਨਾ! ਅਜੇ ਕੱਲ ਹਰੀ ਸਿੰਘ ਨਲੂਏ ਦੇ ਸ਼ਹਿਰ ਪਿਸ਼ੌਰ ਵਿਚ ਇੱਕ ਸਿੱਖ ਗੋਲੀ ਨਾਲ ਮਾਰ ਦਿੱਤਾ ਗਿਆ, ਆਟੋ ਰਿਖਸ਼ੇ ਵਿਚ ਮੂਧਾ ਪਿਆ ਸੀ..ਜਿਹਨਾਂ ਦਾ ਆਪਣਾ ਕੋਈ ਪੱਕਾ ਥਹੁ ਠਿਕਾਣਾ ਨਾ ਹੋਵੇ ਉਸਨੂੰ ਅਗਲੇ ਇੱਕ ਰਾਤ ਰੱਖ ਅਗਾਂਹ ਤੋਰ ਦਿੰਦੇ ਨੇ...ਜਾ ਕਿਧਰੇ ਹੋਰ ਜਾ!

ਦਲੀਪ ਸਿੰਘ ਮੁੱਕ ਗਿਆ। ਧੀ ਮਹਾਰਾਣੀ ਬੰਬਾ ਲਾਹੌਰ ਆ ਗਈ। ਮਾਡਲ ਟਾਊਨ ਇੱਕ ਬੰਗਲਾ ਖਰੀਦ ਲਿਆ। ਇੱਕ ਮਾਲੀ ਤਰਾਂ ਦੇ ਫੁਲ ਲਾਉਂਦਾ, ਬੰਬਾ ਫੁੱਲਾਂ ਨੂੰ ਸੁੰਘਦੀ, ਕੁਝ ਸੋਚਦੀ ਤੇ ਸੜਕਾਂ ਤੇ ਨਿੱਕਲ ਤੁਰਦੀ। ਦਾਦੇ ਦੀਆਂ ਕੰਸੋਵਾਂ ਲੈਂਦੀ। ਲਾਹੌਰੀਏ ਆਖਦੇ ਪਤਾ ਨੀ ਕੌਣ ਏ ਕਮਲੀ, ਐਵੇਂ ਘੁੰਮਦੀ ਰਹਿੰਦੀ। ਉਹ ਸ਼ਾਹੀ ਕਿਲੇ ਦੀ ਉਸ ਫਸੀਲ ਅੱਗੇ ਜਾ ਖਲੋਂਦੀ ਜਿਥੇ ਦਾਦਾ ਦਰਬਾਰ-ਏ-ਖਾਲਸਾ ਦੀ ਸ਼ਾਨ ਹੁੰਦਾ ਸੀ। ਫੇਰ ਆਪਣੇ ਆਪ ਨਾਲ ਗੱਲਾਂ ਕਰਦੀ। ਸੰਤਾਲੀ ਵੇਲੇ ਵੀ ਲਾਹੌਰ ਨਾ ਛੱਡਿਆ। ਦਸਾਂ ਸਾਲਾਂ ਬਾਅਦ ਮੁੱਕ ਗਈ! ਜਿਹਨਾਂ ਦਾ ਸਭ ਕੁਝ ਲੁੱਟ ਪੁੱਟ ਲਿਆ ਜਾਂਦਾ ਓਹਨਾ ਨੂੰ ਖੁਦ ਨਾਲ ਗੱਲਾਂ ਕਰਨੀਆਂ ਆ ਹੀ ਜਾਂਦੀਆਂ। ਅਬਾਦੀਆਂ ਵੀ ਵੇਖੀਆਂ, ਬਰਬਾਦੀਆਂ ਵੀ, ਰਣਜੀਤ ਸਿੰਘ ਦੀ ਮੜ੍ਹੀ ਪਈ ਸੀ ਕੂਕਦੀ, ਇਹਨਾਂ ਗੁਲਾਮਾਂ ਨੇ ਕਦੇ ਆਜ਼ਾਦੀਆਂ ਵੀ ਸੀ ਵੇਖੀਆਂ!

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ 'ਵਿਸ਼ਵ ਪੰਜਾਬੀ ਕਵੀ ਸਭਾ' ਦੇ ਸਕੱਤਰ ਅਤੇ 'ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ' ਦੇ ਜਨਰਲ ਸਕੱਤਰ ਹਨ। ਕਈ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਤੋਂ ਦੋ ਵਾਰ, ਭਾਰਤ ਅਤੇ ਸਾਹਿਤ ਸਭਾਵਾਂ ਤੋਂ ਕਈ ਵਾਰ ਸਨਮਾਨ ਮਿਲੇ ਹਨ। 'ਭਾਈ ਵੀਰ ਸਿੰਘ' ਅਵਾਰਡ ਵੀ ਮਿਲਿਆ।

ਡਾ. ਸਰਦਾਰ ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਸਮਕਾਲੀ ਮਸਲਿਆਂ ਬਾਰੇ ਲਿਖਦੇ ਹਨ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਅਤੇ ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਇੱਕ ਮੈਗਜ਼ੀਨ "ਜੋਤ ਤੇ ਜੁਗਤ" ਅਤੇ ਚਾਰ ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਕਰਮਜੀਤ ਸਿੰਘ ਨੂਰ 2008 ਵਿੱਚ 'ਐਕਸੀਅਨ' ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਭਾਰਤ ਅਤੇ ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ।

.ਡਾ: ਸਰਦਾਰ ਕਾਲਾ ਸਿੰਘ, ਮੌਲਾਨਾ ਆਜ਼ਾਦ ਮੈਡੀਕਲ ਕਾਲਜ, ਨਵੀਂ ਦਿੱਲੀ, ਤੋਂ ਮੈਡੀਕਲ ਗ੍ਰੈਜੂਏਟ ਹਨ। ਸਿੱਖ ਅਧਿਆਤਮਿਕਤਾ ਅਤੇ ਮਾਨਸਿਕ ਸਿਹਤ ਸਲਾਹ ਦੇ ਖੇਤਰ ਵਿਚ ਜਨੂੰਨ ਨਾਲ ਕੰਮ ਕਰ ਰਹੇ ਹਨ। ਉਹਨਾਂ ਦੀ ਖੋਜ ਇੱਕ ਮੈਡੀਕਲ ਜਰਨਲ "ਸਪਿਰਿਚੁਅਲਿਟੀ ਐਂਡ ਹੈਲਥ ਇੰਟਰਨੈਸ਼ਨਲ" ਅਤੇ ਇੱਕ ਕਿਤਾਬ "ਗੁਰਮਤਿ ਸਿਧਾਂਤ" (ਭਾਗ-1, (ਅਮਓਜ਼ੋਨ.ਚੋਮ) ਉੱਤੇ ਪ੍ਰਕਾਸ਼ਿਤ ਕੀਤਾ। ਉਨ੍ਹਾਂ ਨੂੰ ਬ੍ਰਿਟਿਸ਼ ਪਾਰਲੀਮੈਂਟ ਵਿੱਚ ਪ੍ਰਵਾਸੀ ਭਾਰਤੀਆਂ ਦੀ ਗਲੋਬਲ ਕਨਵੈਨਸ਼ਨ ਵਿੱਚ ਪ੍ਰਵਾਸੀ "ਰਤਨ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਬੀ. ਸੀ. (ਕੈਨੇਡਾ) ਦੀ ਮਲਟੀ-ਫੇਥ ਕੌਂਸਲ ਦੇ ਕਾਰਜਕਾਰੀ ਮੈਂਬਰ (ਸਕੱਤਰ) ਹਨ।

ਸਰਦਾਰ ਹਰਪ੍ਰੀਤ ਸਿੰਘ ਜਵੰਦਾ ਪੰਜਾਬ ਯੂਨੀਵਰਸਿਟੀ ਤੋਂ ਐਮ.ਏ. (ਕਾਮਰਸ ਅਤੇ ਹੋਟਲ ਮੈਨੇਜਮੈਂਟ) ਹਨ ਅਤੇ ਫਰੈਂਚ ਭਾਸ਼ਾ ਵਿੱਚ ਡਿਪਲੋਮਾ ਕੋਰਸ ਕੀਤਾ ਹੈ। ਉਹ 2005 ਤੋਂ ਵਿਨੀਪੈਗ ਵਿੱਚ ਹਨ। ਉਨ੍ਹਾਂ ਦੀ ਦਿਲਚਸਪੀ ਮੁੱਖ ਤੌਰ 'ਤੇ ਪੰਜਾਬੀ ਵਿੱਚ ਲਘੂ ਕਹਾਣੀ ਲਿਖਣ ਵਿੱਚ ਹੈ। ਉਨ੍ਹਾਂ ਨੂੰ ਭਾਰਤ ਅਤੇ ਕੈਨੇਡਾ ਦੀਆਂ ਸਾਹਿਤਕ ਸੰਸਥਾਵਾਂ ਨੇ ਮਾਨਤਾ ਦਿੱਤੀ ਹੈ।

ਸਰਦਾਰਨੀ ਕਿਰਪਾਲ ਕੌਰ ਨੇ ਗਰੈਜੂਏਸ਼ਨ ਤੇ ਗਿਆਨੀ ਕੀਤੀ ਹੈ। ਇਸ ਤੋਂ ਬਿਨਾ ਪੇਂਟਿੰਗ ਦੀ ਮੁਹਾਰਤ ਹਾਸਲ ਕਰ ਕੇ ਪਿੰਡਾਂ ਵਿਚ ਖੁੱਲੇ ਫਰੀ ਸਿਲਾਈ ਸੈਂਟਰਾਂ ਵਿਚ, ਗਰੀਬ ਲੜਕੀਆਂ ਨੂੰ ਸਿਖਲਾਈ ਦਿੱਤੀ। ਨਿਆਗਰਾ ਫਾਲਸ (ਕੈਨੇਡਾ) ਆ ਕੇ ਇਕ ਫੈਕਟਰੀ ਵਿਚ ਕਈ ਸਾਲ ਕੰਮ ਕੀਤਾ। ਗੁਰੂ ਦਾ ਲੜ ਨਹੀਂ ਛੱਡਿਆ। ਸਿੱਖ ਸਿਧਾਂਤਾਂ ਬਾਰੇ ਲਿਖਣ ਅਤੇ ਲੈਕਚਰ ਦੇਣ ਦਾ ਸ਼ੌਕ ਹੈ।

**ਡਾ. ਸਰਦਾਰ ਬਿਜੈ ਸਿੰਘ** ਬਿਜੈ ਸਿੰਘ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਨੈਸ਼ਨਲ ਪ੍ਰੋਫੈਸਰ ਸੇਵਾ ਮੁਕਤ ਹੋਣ ਤੋਂ ਬਾਅਦ ਵਿੰਨੀਪੈਗ ਕੈਨੇਡਾ ਵਿੱਚ ਰਹਿ ਰਹੇ ਹਨ। ਉਹ ਖਾਦਾਂ, ਖੇਤੀ ਉਤਪਾਦਨ, ਪਾਣੀ ਪ੍ਰਦੂਸ਼ਣ, ਅਤੇ ਮੌਸਮੀ ਬਦਲਾਵ ਬਾਰੇ ਰੀਸਰਚ ਸਬੰਧਤ ਲੇਖ ਲਿਖਣ ਅਤੇ ਲੈਕਚਰ ਦੇਣ ਦੇ ਨਾਲ ਗੁਰਬਾਣੀ ਨਾਲ ਜੁੜੇ ਵਿਸ਼ਿਆਂ ਤੇ ਵੀ ਲਿਖਦੇ ਰਹਿੰਦੇ ਹਨ।

**Sardarni Gurnam Kaur** has Master's in Punjabi, Master's in Library and Information science, and M.Phil in Library and Information science. Retired as Professional Assistant from Punjabi University, Patiala's Regional Centre at Bathinda.

**Dr Sardar Jairup Singh** is an Eminent Scientist and was appointed as the Founder Vice Chancellor of the Central University of Punjab, at Bathinda. Earlier, he served as the Professor and Head of the Department of Human Genetics and rose to become Dean and then Vice Chancellor of the prestigious Guru Nanak Dev University at Amritsar. He is an Honorary Professor of Human Genetics, Panjab University at Chandigarh. After retirement, he is guiding research as Professor Emeritus, at Guru Nanak Dev University, Amritsar. Formerly, he was President of the Indian Society of Human Genetics

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ ਲਿਖਤਾਂ (ਸਮੀਖਿਆ ਕਰਕੇ) ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ ਜੀ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ, (ਚਾਹੁਣ ਤਾਂ ਪਾਸਪੋਰਟ ਸਾਈਜ਼ ਦੀ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ - 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਬਹੁਤੇ ਲੰਬੇ ਲੇਖ *sanjihivrasat.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

## Important Information for Authors

1. Magazine Policy : To Promote Punjabi Culture, History and Heritage
   : Secular, Non-Political, Articles/Poems, after Review
2. Editorial Board : Will not be responsible for views of Authors / Poets.
3. Font preferred 14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction,
   Give Phone, E-mail, or WhatsApp. (photo - optional)
7. Maximum : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

## ਸ਼ਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ